NEWS FROM TROLLEYS

# ਟਰਾਲੀ ਟਾਈਮਜ਼

ਕਿਸਾਨੀ ਤਾਂ ਦੇਸ਼ ਦੀ ਅਰਥ ਵਿਵਸਥਾ

VOICE OF KISAN PROTEST 2020 | **TROLLEY TIMES** | VOL 1. edition No. III | SATURDAY, 26th DECEMBER, 2020

1 ਪੰਜਾਬੀ ਕੌਮ
ਰੂਪੀ ਕੌਰ, ਟੋਰਾਂਟੋ

2 घर से सिंघू बार्डर तक - एक दिन
कृष्ण कुमार नि

3 ਕੁਝ ਕਦਮ ਗੁਰੂ ਨਾਨਕ ਦੇ ਨਾਲ
ਠੁਕਰਾਲ ਅਤੇ ਟਾਗਰਾ

**ਇਤਿਹਾਸਕਾਰ ਮੰਨਦੇ ਹਨ ਕਿ ਇਹ ਉਹ ਬੀਬੀਆਂ ਸਨ ਜਿਨ੍ਹਾਂ ਨੇ ਪਹਿਲਾਂ ਪੌਦਿਆਂ ਨੂੰ ਫਸਲਾਂ ਦੇ ਰੂਪ ਵਿੱਚ ਪਾਲਣਾ ਸ਼ੁਰੂ ਕੀਤਾ ਅਤੇ ਇਸ ਤਰ੍ਹਾਂ ਖੇਤੀ ਦੀ ਕਲਾ ਅਤੇ ਵਿਗਿਆਨ ਦੀ ਸ਼ੁਰੂਆਤ ਕੀਤੀ।**
- ਮ. ਸ. ਸਵਾਮੀਨਾਥਨ

# ਕਿਰਤੀ ਕਿਸਾਨ ਮੋਰਚਿਆਂ ਵਿਚ ਔਰਤਾਂ ਦੀ ਹਿੱਸੇਦਾਰੀ

ਹਰਿੰਦਰ ਬਿੰਦੂ ਨਾਲ਼ ਸੰਗੀਤ ਤੂਰ ਦੀ ਗੱਲਬਾਤ


ਲਿਖਤੀ ਰੂਪ: ਜਸਦੀਪ ਸਿੰਘ

ਬੀਬੀਆਂ ਸੰਘਰਸ਼ ਦਾ ਅਸਿੱਧੇ ਰੂਪ ਵਿਚ ਹਿੱਸਾ ਹਮੇਸ਼ਾ ਰਹਿੰਦੀਆਂ ਹਨ। ਪਰ ਕਿਸਾਨ ਮੋਰਚੇ ਵਿਚ ਉਹਨੇ ਦੇ ਸਿੱਧੇ ਰੂਪ ਵਿਚ ਆਉਣ ਦਾ ਕਾਰਨ ਜਥੇਬੰਦੀਆਂ ਦੀ ਘਾਲਣਾ ਹੈ। ਹਰਿੰਦਰ ਬਿੰਦੂ ਭਾ. ਕਿ. ਯੂ. ਏ. ਉਗਰਾਹਾਂ ਦੇ ਇਸਤਰੀ ਵਿੰਗ ਦੇ ਸੂਬਾ ਪੱਧਰੀ ਆਗੂ ਹਨ। ਉਹ ਪਿਛਲੇ ਤੀਹ ਸਾਲਾਂ ਤੋਂ ਕਿਰਤੀ ਕਿਸਾਨਾਂ ਦੇ ਹੱਕਾਂ ਲਈ ਲੜ ਰਹੇ ਹਨ। ਜਦੋਂ ਮੈਂ ਉਹਨਾਂ ਨੂੰ ਫੋਨ ਕੀਤਾ ਤਾਂ ਉਹ ਸਵੇਰ ਦੀਆਂ ਮੀਟਿੰਗਾਂ ਲਈ ਤਿਆਰ ਹੋ ਰਹੇ ਸਨ। ਇਹ ਗੱਲਬਾਤ ਓਸੇ ਤਿਆਰੀ ਦੌਰਾਨ ਹੋਈ। ਉਹਨਾਂ ਦੇ ਪਰਿਵਾਰ ਨੂੰ ਪੈਪਸੂ ਮੁਜ਼ਾਰਾ ਲਹਿਰ ਵੇਲੇ 1950ਵਿਆਂ ਵਿਚ ਜ਼ਮੀਨ ਮਿਲੀ ਸੀ ਅਤੇ ਹੁਣ ਜਦੋਂ ਨਵੇਂ ਕਾਰਪੋਰੇਟ ਬਿਸਵੇਦਾਰ ਮੁੜ ਨਵੇਂ ਮੁਜਾਹਰੇ ਬਣਾਉਣ ਦੀ ਤਾਕ ਵਿਚ ਹਨ। ਉਹ ਇਤਿਹਾਸ ਦੇ ਇਸ ਪੁੱਠੇ ਚੱਕਰ ਨੂੰ ਮੋੜਨ ਲਈ ਡਟੇ ਹੋਏ ਹਨ।

ਲੌਕਡਾਊਨ ਦੇ ਚਾਰ ਪੰਜ ਮਹੀਨਿਆਂ ਦੌਰਾਨ ਬਿੰਦੂ ਜੀ ਨੇ ਚਾਰ ਜਿਲਿਆਂ ਦੀ ਸੰਪੂਰਨ ਪ੍ਰਧਾਨਗੀ ਦੀ ਜਿੰਮੇਵਾਰੀ ਲਈ, ਜਿਸ ਵਿਚ ਉਹਨਾ ਨੇ ਨਵੀਆਂ ਇਕਾਈਆਂ ਬਣਾਉਣ ਦਾ, ਮੀਟਿੰਗਾਂ ਕਰਵਾਉਣ ਦਾ ਕੰਮ ਕੀਤਾ। ਜਿਸ ਵਿਚ ਉਹਨਾਂ ਨੂੰ ਇਹ ਕਦੇ ਨਹੀਂ ਮਹਿਸੂਸ ਹੋਇਆ ਕਿ ਇਕ ਆਗੂ ਔਰਤ ਹੋਣ ਕਰਕੇ ਉਹਨਾਂ ਦੀ ਗੱਲ ਨਹੀਂ ਸੁਣੀ ਜਾ ਰਹੀ। ਮਰਦ ਇਸ ਗੱਲ ਤੇ ਮਾਣ ਮਹਿਸੂਸ ਕਰਦੇ ਹਨ ਕੇ ਉਹਨਾਂ ਦੀ ਜੱਥੇਬੰਦੀ ਵਿਚ ਅਜਿਹੀ ਆਗੂ ਔਰਤ ਹੈ ਅਤੇ ਔਰਤਾਂ ਨੂੰ ਇਹ ਯਕੀਨ ਹੁੰਦਾ ਹੈ ਕਿ ਉਹਨਾਂ ਵਾਸਤੇ ਲੀਡਰਸ਼ਿਪ ਵਿਚ ਅੱਗੇ ਜਾਣ ਵਿਚ ਉਹਨਾਂ ਦਾ ਔਰਤ ਹੋਣਾ ਰੁਕਾਵਟ ਨਹੀਂ ਹੈ।

**ਹਿੱਸੇਦਾਰੀ**

ਖੇਤੀ ਔਰਡੀਨੈਂਸ ਜਾਰੀ ਹੋਣ ਤੋਂ ਕੁਝ ਮਹੀਨੇ ਪਹਿਲਾਂ ਉਗਰਾਹਾਂ ਜਥੇਬੰਦੀ ਨੇ ਪਿੰਡ, ਬਲਾਕ ਅਤੇ ਜ਼ਿਲੇ ਪੱਧਰ ਤੇ ਕਮੇਟੀਆਂ ਬਣਾਈਆਂ ਅਤੇ ਔਰਤਾਂ ਦੇ ਖਾਸ ਇਜਲਾਸ ਕਰਵਾਉਂਣੇ ਸ਼ੁਰੂ ਕੀਤੇ। ਬਲਾਕ ਕਮੇਟੀਆਂ ਨੇ ਪਿੰਡਾਂ ਵਿਚ ਜਾ ਜਾ ਕੇ ਇਕਾਈਆਂ ਬਣਾਈਆਂ ਅਤੇ ਪਰਿਵਾਰਾਂ ਦੀ ਸਮਾਜਿਕ ਸਿਖਲਾਈ ਕਰਵਾਈ ਤਾਂ ਕਿ ਜਦੋਂ ਔਰਤਾਂ ਇਜਲਾਸ ਵਿਚ ਹਿੱਸਾ ਲੈਣ ਜਾਣ ਤਾਂ ਬੰਦੇ ਘਰ ਦੀ ਜਿੰਮੇਵਾਰੀ ਸਾਂਭ ਸਕਣ। ਔਰਤਾਂ ਦੇ ਸਵੈ ਵਿਸ਼ਵਾਸ਼ ਦੇ ਹਿਸਾਬ ਨਾਲ ਉਹਨਾਂ ਨੂੰ ਸਿਖਲਾਈ ਦਿੱਤੀ ਗਈ| ਔਰਤਾਂ ਨੂੰ ਮਰਦ ਆਗੂਆਂ ਵਾਂਗ ਹੀ ਜਿੰਮੇਂਦਾਰੀ ਸੌਂਪੀ ਜਾਂਦੀ ਹੈ। ਜਥੇਬੰਦੀ ਦੇ ਮਰਦ ਆਗੂਆਂ ਨੂੰ ਆਪਣੇ ਘਰਾਂ ਦੀਆਂ ਔਰਤਾਂ ਨੂੰ ਸ਼ਾਮਿਲ ਕਰਨ ਦਾ ਸੱਦਾ ਦਿੱਤਾ ਗਿਆ ਤਾਂ ਜੋ ਬਾਕੀ ਮੈਂਬਰ ਉਹਨਾਂ ਦੀ ਉਦਾਹਰਣ ਲੈ ਕੇ ਆਪਣੇ ਪਰਿਵਾਰਾਂ ਨੂੰ ਨਾਲ਼ ਜੋੜਣ। ਇਸੇ ਘਾਲਣਾ ਕਰਕੇ ਔਰਤਾਂ ਇਸ ਮੋਰਚੇ ਵਿਚ ਪ੍ਰਤੱਖ ਨਜ਼ਰ ਆਉਂਦੀਆਂ ਹਨ। ਜਿਹੜੀਆਂ ਔਰਤਾਂ ਘਰੇਲੂ ਕਾਰਨਾਂ ਕਰਕੇ ਨਹੀਂ ਆ ਸਕੀਆਂ, ਉਹ ਪਿੰਨੀਆਂ ਬਣਾਕੇ, ਕੋਟੀਆਂ ਬੁਣ ਕੇ, ਖਾਣ ਪੀਣ ਦਾ ਸਮਾਨ ਤਿਆਰ ਕਰਕੇ ਤਾਂ ਪਹੁੰਚਾ ਹੀ ਰਹੀਆਂ ਹਨ। ਉਸ ਤੋਂ ਇਲਾਵਾ ਸਿਆਸੀ ਰੂਪ ਵਿਚ ਆਪਣੇ ਘਰਾਂ, ਪੱਤੀ/ ਮੁਹੱਲੇ ਜਾਂ ਪਿੰਡ ਦੀਆਂ ਔਰਤਾਂ ਨੂੰ ਇਕੱਠੀਆਂ ਕਰਨ ਦਾ ਕੰਮ ਵੀ ਸੁਚੱਜਾ ਕਦਮ ਹੈ। ਨੌਜਵਾਨ ਮੁੰਡਿਆਂ ਦੇ ਮੁਕਾਬਲੇ, ਨੌਜਵਾਨ ਕੁੜੀਆਂ/ਨੂਹਾਂ ਦਿੱਲੀ ਮੋਰਚੇ ਤੇ ਘੱਟ ਜਰੂਰ ਹਨ। ਪਰ ਹੁਣ ਉਹ ਪੰਜਾਬ ਵਿਚ ਚੱਲ ਰਹੇ ਧਰਨਿਆਂ ਵਿਚ ਉਹ ਸਰਗਰਮ ਹੋ ਗਈਆਂ ਹਨ।


Illustration by Thukral and Tagra

**ਸਿਆਸੀ ਬਦਲਾਅ**

ਹੁਣ ਪਿੰਡਾਂ ਦੀਆਂ ਔਰਤਾਂ ਨੂੰ ਇਹ ਭਰੋਸਾ ਬੱਝ ਗਿਆ ਹੈ ਕਿ ਸਰਕਾਰ ਜਿਹੜੀ ਮਰਜ਼ੀ ਆ ਜਾਏ ਜੇ ਅਸੀਂ ਜਥੇਬੰਦ ਹਾਂ ਤਾਂ ਕਿਸੇ ਵੀ ਮਸਲੇ ਦਾ ਹੱਲ ਆਪੇ ਲੱਭ ਲਵਾਂਗੇ। ਜਦ ਕਿ ਪਹਿਲਾਂ ਲੋਕ ਹੁਕਮਰਾਨ ਸਿਆਸੀ ਪਾਰਟੀਆਂ ਦੇ ਦਰਵਾਜੇ ਖੜਕਾਉਂਦੇ ਸਨ। ਮਿੰਨਤਾਂ ਤਰਲੇ ਕਰਦੇ ਸਨ। ਹੁਣ ਲੋਕਾਂ ਨੂੰ ਸਮਝ ਆ ਗਿਆ ਹੈ ਕਿ ਸਿਆਸੀ ਤਾਕਤ ਉਹਨਾਂ ਦੇ ਹੱਥ ਵਿਚ ਹੈ, ਨਾ ਕਿ ਹੁਕਮਰਾਨ ਪਾਰਟੀਆਂ ਦੇ। ਲੋਕਾਂ ਨੂੰ ਕਾਰਪੋਰੇਟ ਘਰਾਣੇ ਅਦਾਨੀ ਅੰਬਾਨੀ ਕੌਣ ਨੇ, ਉਹ ਕੌਂਟਰੈਕਟ ਖੇਤੀ ਵਿਚ ਕਿਉਂ ਕਰਨਾ ਚਾਹੁੰਦੇ ਨੇ, ਇਸ ਨਾਲ਼ ਲੋਕਾਂ ਦੀਆਂ ਜ਼ਮੀਨਾਂ ਕਿਵੇਂ ਖੁੱਸਣਗੀਆਂ ਬਾਰੇ ਪਤਾ ਲੱਗ ਗਿਆ ਹੈ। ਕੁਦਰਤੀ ਸਰਮਾਏ ਅਤੇ ਦੇਸ਼ ਦੇ ਵਿਕਸਿਤ ਢਾਂਚੇ ਉਤੇ ਕਬਜ਼ੇ ਦੀਆਂ ਇਹਨਾਂ ਚਾਲਾਂ ਨੂੰ ਲੋਕ ਸਿਆਣ ਗਏ ਹਨ। ਕਾਰਪੋਰੇਟ ਘਰਾਣੇ ਕਿਵੇਂ ਹੁਕਮਰਾਨ ਪਾਰਟੀਆਂ ਨੂੰ ਖਰੀਦ ਕੇ ਲੋਕਾਂ ਦੇ ਸਾਂਝੇ ਸਰਮਾਏ ਨੂੰ ਹਥਿਆਉਣ ਲੱਗੇ ਹੋਏ ਹਨ। ਲੋਕਾਂ ਨੇ ਇਹ ਵੀ ਜਾਣ ਲਿਆ ਹੈ ਕਿ ਸਕੂਲ, ਹਸਪਤਾਲ਼, ਸੜਕਾਂ, ਰੇਲਾਂ ਸਾਡੇ ਸਾਂਝੇ ਹਨ। ਜ਼ਮੀਨ ਫ਼ਸਲਾਂ ਸਾਡੇ ਹਨ। ਉਹਨਾਂ ਵਿਚ ਇਸ ਸਾਂਝੇ ਸਰਮਾਏ ਵਾਸਤੇ ਮੋਹ ਜਾਗ ਪਿਆ ਹੈ ਤੇ ਨਾਲ ਹੀ ਇਸ ਨੂੰ ਬਚਾਉਣ ਦੀ ਤਾਂਘ ਵੀ।

**ਵਖਰੇਵੇਂ**

ਸਮਾਜ ਦੇ ਵਿਚ ਔਰਤ ਮਰਦਾ ਦਾ ਵਖਰੇਵਾਂ ਹੈ। ਪਰ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਔਰਤ ਮਰਦ ਇਕ ਦੂਜੇ ਦੇ ਦੁਸ਼ਮਣ ਨਹੀਂ ਬਲਕਿ ਦੁਸ਼ਮਣ ਸਮਾਜ ਦਾ ਪੁਰਾਣਾ ਨਾਬਰਾਬਰੀ ਵਾਲਾ ਢਾਂਚਾ ਹੈ। ਜਦੋਂ ਅਸੀਂ ਜਾਗਰੂਕ ਹੋ ਜਾਵਾਂਗੇ, ਜੱਥੇਬੰਦ ਹੋਵਾਂਗੇ ਤਾਂ ਉਸ ਵਿਚ ਬਦਲਾਅ ਵੀ ਕਰ ਸਕਾਂਗੇ। ਜਥੇਬੰਦੀਆਂ ਦੇ ਆਗੂਆਂ ਦੇ ਔਰਤਾਂ ਪ੍ਰਤੀ ਵਿਹਾਰ ਅਤੇ ਵਤੀਰੇ ਵਿਚ ਸਿਫਤੀ ਫਰਕ ਪੈਣ ਨਾਲ਼ ਹੀ ਇਹ ਆਚਰਣ ਬਾਕੀ ਮੈਂਬਰਾਂ ਵਿਚ ਪਹੁੰਚਾਉਣਾ ਸੌਖਾ ਹੋ ਸਕਦਾ ਹੈ। ਕਿਸਾਨ ਮੋਰਚੇ ਦਾ ਹਾਸਿਲ ਹੈ ਕਿ ਇਸ ਨੇ ਪੁਰਾਣੇ ਵਖਰੇਵਿਆਂ ਨੂੰ ਮੇਟਿਆ ਹੈ। ਔਰਤ ਮਰਦ ਵਿਚ ਇਕ ਸਾਂਝੇ ਵੈਰੀ ਦੇ ਖਿਲਾਫ ਲੜਨ ਦੀ ਭਾਵਨਾ ਬਣੀ ਹੈ। ਕਈ ਪਰਿਵਾਰ ਐਸੇ ਵੀ ਹਨ ਜਿਨਾਂ ਦੀਆਂ ਸਿਰਫ ਔਰਤਾਂ ਹੀ ਮੋਰਚੇ ਵਿਚ ਹਿੱਸਾ ਲੈਂ ਰਹੀਆਂ ਹਨ, ਪਰ ਹੁਣ ਉਹਨਾਂ ਦੇ ਇਕੱਲਿਆਂ ਬਾਹਰ ਜਾਣ ਤੇ ਬੰਦੇ ਸਵਾਲ ਜਾਂ ਸ਼ੱਕ ਨਹੀਂ ਕਰਦੇ। ਔਰਤ ਅਤੇ ਮਰਦ ਦਾ ਰਿਸ਼ਤਾ ਸਿਰਫ ਇਕ ਕਿਸਮ ਦਾ ਨਹੀਂ ਹੁੰਦਾ, ਲੋਕਾਂ ਵਿਚ ਇਸ ਪੱਖ ਬਾਰੇ ਘੋਲ ਵਿਚ ਵਿਚਰਦਿਆਂ, ਸਰਕਾਰ ਨਾਲ ਇੱਕੋ ਜਿਕੀ ਟੱਕਰ ਲੈਂਦਿਆਂ ਹੀ ਜਾਗਰੂਕਤਾ ਆਈ ਹੈ| ਘਰ ਵਿਚ ਵੀ ਅਤੇ ਜੱਥੇਬੰਦੀਆਂ ਵਿਚ ਵੀ ਔਰਤਾਂ ਨੇ ਨਵੀਂ ਥਾਂ ਬਣਾ ਲਈ ਹੈ। ਜਿਹੜੇ ਬਦਲਾਅ ਵਿਚ ਕਈ ਸਾਲ ਲੱਗ ਜਾਣੇ ਸਨ। ਉਹ ਮਹੀਨਿਆਂ ਵਿਚ ਹੋ ਗਿਆ ਹੈ।

## ਸੰਪਾਦਕੀ

ਇਹਨੀਂ ਦਿਨੀਂ ਅਸੀਂ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਸ਼ਹੀਦੀਆਂ ਨੂੰ ਯਾਦ ਕਰ ਰਹੇ ਹਾਂ। ਸਾਂਝੇ ਕਿਸਾਨ ਮੋਰਚੇ ਨੇ ਇਹਨਾਂ ਦਿਹਾੜਿਆਂ ਨੂੰ ਸਿੰਘੂ ਅਤੇ ਟੀਕਰੀ ਮੋਰਚਿਆਂ ਵਿਚ ਮਨਾਉਣ ਦਾ ਸੱਦਾ ਦਿੱਤਾ ਹੈ। ਇਸਦੇ ਨਾਲ ਹੀ 25 ਦਸੰਬਰ ਨੂੰ ਈਸਾ ਮਸੀਹ ਦਾ ਜਨਮ ਦਿਹਾੜਾ 'ਕ੍ਰਿਸਮਿਸ' ਪੂਰੀ ਦੁਨੀਆਂ ਵਿਚ ਮਨਾਇਆ ਗਿਆ। ਈਸਾ ਮਸੀਹ ਖੁਦ ਇਕ ਕਿਰਤੀ ਸਨ ਅਤੇ ਉਹਨਾਂ ਨੇ ਸਰਬੱਤ ਦੇ ਭਲੇ ਦਾ ਸੁਨੇਹਾ ਦਿੱਤਾ। ਇਹ ਸੁਨੇਹਾ ਸਮੇਂ ਦੇ ਹੁਕਮਰਾਨਾਂ ਨੂੰ ਖ਼ਤਰਾ ਜਾਪਣ ਲੱਗਿਆ ਅਤੇ ਉਹਨਾਂ ਨੇ ਈਸਾ ਮਸੀਹ ਨੂੰ ਸੂਲੀ 'ਤੇ ਚਾੜ ਦਿੱਤਾ ਗਿਆ। 21 ਦਸੰਬਰ ਨੂੰ ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਦੀ ਵੀ ਬਰਸੀ ਸੀ, ਜਿਹੜੇ 1930 ਵਿਆਂ ਵਿਚ ਕੁਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਰਹੇ ਅਤੇ ਜਿਨ੍ਹਾਂ ਕਿਸਾਨ ਮੋਰਚਿਆਂ ਦੌਰਾਨ ਕਈ ਵਾਰ ਕੈਦਾਂ ਵੀ ਕੱਟੀਆਂ। ਇਸੇ ਕਿਸਾਨ ਸਭਾ ਦੇ ਕਿੰਨੇ ਹੀ ਜੱਥੇ ਅੱਜ ਵੀ ਇਸ ਕਿਸਾਨ ਮੋਰਚੇ ਦਾ ਹਿੱਸਾ ਹਨ। ਸ਼ਹੀਦਾਂ ਦੀਆਂ ਇਹ ਕੁਰਬਾਨੀਆਂ ਪੋਹ ਦੀਆਂ ਇਹਨਾਂ ਠੰਡੀਆਂ ਰਾਤਾਂ ਵਿਚ ਸਾਨੂੰ ਜ਼ਾਲਿਮ ਨਾਲ਼ ਲੜਦੇ ਰਹਿਣ ਦਾ ਬਲ ਬਖ਼ਸ਼ਦੀਆਂ ਹਨ ਅਤੇ ਹਰ ਹਾਲਤ ਵਿਚ ਮੋਰਚੇ ਉਤੇ ਡਟੇ ਰਹਿਣ ਦਾ ਸੁਨੇਹਾਂ ਦਿੰਦੀਆਂ ਹਨ। ਮਾਤਾ ਗੁਜਰੀ ਵਰਗੀਆਂ ਮਾਂਵਾਂ ਸਾਡੇ ਅੰਗ ਸੰਗ ਹਨ, ਦਸ਼ਮੇਸ਼ ਪਿਤਾ ਦੇ ਅਣਗਿਣਤ ਪੁੱਤਰ ਭਗਵਾਂਧਾਰੀ ਹਾਕਮਾਂ ਖਿਲਾਫ਼ ਲੜਾਈ ਵਿਚ ਡਟੇ ਹੋਏ ਹਨ। ਜੇ ਕੇਂਦਰ ਸਰਕਾਰ ਦੇ ਚਾਲੇ ਇਸੇ ਤਰ੍ਹਾਂ ਲੋਕ ਦੋਖੀ ਰਹੇ ਤਾਂ, ਇਤਿਹਾਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਮ ਵੀ ਔਰਗੰਜ਼ੇਬ ਅਤੇ ਬਦਨਾਮ ਰੋਮਨ ਬਾਦਸ਼ਾਹਾਂ ਵਰਗੇ ਜ਼ਾਲਿਮਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇਗਾ।

22 ਦਸੰਬਰ ਨੂੰ ਸਰਕਾਰ ਨੇ ਇਕ ਵਾਰ ਫੇਰ ਕਿਸਾਨ ਜਥੇਬੰਦੀਆਂ ਨੂੰ ਗੱਲਬਾਤ ਕਰਨ ਵਾਸਤੇ ਇਕ ਚਿੱਠੀ ਭੇਜੀ। ਅਜਿਹੀਆਂ ਫੋਕੇ ਸੱਦਿਆਂ ਨਾਲ਼ ਸਰਕਾਰ ਭਰਮ ਪੈਦਾ ਕਰਨਾ ਚਾਹੁੰਦੀ ਹੈ ਕਿ ਅਸੀਂ ਤਾਂ ਤਿਆਰ ਹਾਂ ਪਰ ਕਿਸਾਨ ਗੱਲਬਾਤ ਤੋਂ ਮੁਨਕਰ ਹਨ। 23 ਦਸੰਬਰ ਦੇ ਕਿਸਾਨ ਦਿਹਾੜੇ ਵੇਲੇ ਕਿਸਾਨਾਂ ਨੇ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਮੁੜ ਮੁੜ ਸੋਧਾਂ ਵਾਲ਼ਾ ਪੁਰਾਣਾ ਰਾਗ ਅਲਾਪਣ ਦੀ ਥਾਂ ਇੰਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਲਈ ਕੋਈ ਠੋਸ ਤਜਵੀਜ਼ ਲਿਆਵੇ। ਸੰਘਰਸ਼ ਨੂੰ ਹੋਰ ਤਿੱਖਾ ਕਰਨ ਵਾਸਤੇ ਕਿਸਾਨ ਜਥੇਬੰਦੀਆਂ ਨੇ ਕਈ ਐਲਾਨ ਕੀਤੇ ਹਨ। ਇੰਨ੍ਹਾਂ ਵਿੱਚ ਲੜੀਵਾਰ ਭੁੱਖ ਹੜਤਾਲ, 27 ਦਸੰਬਰ ਨੂੰ ਪ੍ਰਧਾਨ ਮੰਤਰੀ ਦੀ 'ਮਨ ਕੀ ਬਾਤ' ਦਾ ਤਾੜੀਆਂ ਅਤੇ ਥਾਲੀਆਂ ਵਜਾ ਕੇ ਵਿਰੋਧ ਕਰਨਾ, 3 ਦਿਨ ਲਈ ਹਰਿਆਣਾ ਦੇ ਟੋਲ ਮੁਫ਼ਤ ਕਰਵਾਉਣਾ ਅਤੇ ਬਾਕੀ ਬਚੇ ਸ਼ਾਹਰਾਹਾਂ ਨੂੰ ਜਾਮ ਕਰਨਾ ਸ਼ਾਮਿਲ ਹਨ।

ਇਸ ਤੋਂ ਇਲਾਵਾ ਪੰਜਾਬ ਵਿਚ ਲੋਕ ਰਿਲਾਇੰਸ ਦੇ ਫ਼ੋਨ ਟਾਵਰਾਂ ਨੂੰ ਬੰਦ ਕਰ ਰਹੇ ਹਨ । ਮਹਾਰਾਸ਼ਟਰ ਤੋਂ ਵੀ ਕਿਸਾਨਾਂ ਦੇ ਜਥੇ ਆ ਰਹੇ ਹਨ। ਹਰਿਆਣੇ ਵਿੱਚ ਕਿਸਾਨ ਜਗ੍ਹਾ ਜਗ੍ਹਾ ਭਾਜਪਾਈਆਂ ਨੂੰ ਘੇਰ ਰਹੇ ਹਨ। 29 ਦਸੰਬਰ ਨੂੰ ਬਿਹਾਰ ਦੀ ਰਾਜਧਾਨੀ ਪਟਨਾ ਸਾਹਿਬ ਵਿਖੇ ਕਿਸਾਨ ਜਥੇਬੰਦੀਆਂ ਵਲੋਂ ਇਕ ਵਿਸ਼ਾਲ ਰੈਲੀ ਤੇ ਮੁਜ਼ਾਹਰਾ ਕਰਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਕਿਸਾਨ ਮੋਰਚੇ ਦੇ ਹੱਕ ਵਿਚ ਬਾਹਰਲੇ ਮੁਲਕਾਂ ਵਿੱਚ ਵੀ ਜ਼ੋਰਦਾਰ ਆਵਾਜ਼ ਬੁਲੰਦ ਹੋ ਰਹੀ ਹੈ ਅਤੇ ਭਾਰਤੀ ਦੂਤਾਵਾਸਾ ਨੂੰ ਘੇਰਿਆ ਜਾ ਰਿਹਾ ਹੈ। ਇਹ ਸਭ ਕਿਸਾਨ ਅੰਦੋਲਨ ਦੇ ਪ੍ਰਭਾਵ ਦਾ ਦਾਇਰਾ ਫੈਲਣ ਤੇ ਗਹਿਰਾ ਹੋਣ ਦਾ ਹੀ ਪ੍ਰਮਾਣ ਹੈ, ਪ੍ਰਤੱਖ ਹੈ ਮੋਦੀ ਸਰਕਾਰ ਉਤੇ ਜਨਤਕ ਦਬਾਅ ਨਿਰੰਤਰ ਵੱਧ ਰਿਹਾ ਹੈ। ਟਰਾਲੀ ਟਾਈਮਜ਼ ਜਸਬੀਰ ਸਿੰਘ ਡਿੰਪਾ ਵੱਲੋਂ ਪੱਤਰਕਾਰ ਨਾਲ ਕੀਤੀ ਬਦਸਲੂਕੀ ਦੀ ਸਖ਼ਤ ਨਿਖੇਧੀ ਕਰਦਾ ਹੈ। ਹੁਕਮਰਾਨ ਪਾਰਟੀਆਂ ਲੋਕਾਂ ਦੇ ਸਵਾਲਾਂ ਤੋਂ ਭੱਜ ਰਹੀਆਂ ਹਨ।

ਸਾਰੇ ਵੀਰਾਂ ਭੈਣਾਂ - ਖਾਸ ਕਰ ਨੌਜਵਾਨਾਂ ਨੂੰ ਸਾਡੀ ਬੇਨਤੀ ਹੈ -
ਇਸ ਵਾਰ ਨਵਾਂ ਸਾਲ ਦਿੱਲੀ ਮੋਰਚੇ ਉਤੇ ਮਨਾਇਆ ਜਾਵੇ।
ਇਸ ਵਾਰ ਨਵਾਂ ਸਾਲ ਕਿਸਾਨ ਸੰਘਰਸ਼ ਦੇ ਨਾਮ!

ਮੋਰਚੇ ਦੀ ਚੜ੍ਹਦੀਕਲਾ ਵਾਸਤੇ ਆਸਵੰਦ
ਟਰਾਲੀ ਟਾਈਮਜ਼ ਟੀਮ।

---

ਮਹਾਰਾਸ਼ਟਰ ਤੋਂ ਤੁਰੇ ਕਿਸਾਨਾਂ ਦਾ ਜੋਸ਼ੀਲਾ ਜੱਥਾ ਅੱਜ ਰਾਤ ਸ਼ਾਹਜਹਾਂਪੁਰ ਵਾਲ਼ੇ ਮੋਰਚੇ ਉੱਤੇ ਰਾਜਸਥਾਨ, ਹਰਿਆਣਾ ਅਤੇ ਗੁਜਰਾਤ ਤੋਂ ਆਕੇ ਮੋਰਚੇ ਤੇ ਡਟੇ ਆਪਣੇ ਕਿਸਾਨ ਭਰਾਵਾਂ ਨੂੰ ਜੱਫੀਆਂ ਪਾਉਣ ਆ ਪਹੁੰਚਿਆ ਹੈ। ਪਰਸੋਂ ਤੋਂ ਹੀ ਅਸੀਂ ਉਹਨਾਂ ਦੇ ਅਰਾਮ ਲਈ ਤਿਆਰੀਆਂ ਚ ਰੁੱਝੇ ਹੋਏ ਸੀ ਅਤੇ ਚਾਅ ਨਾਲ਼ ਉਡੀਕ ਰਹੇ ਸੀ। ਭਗਤ ਸਿੰਘ ਤੇ ਸ਼ਿਵਰਾਮ ਰਾਜਗੁਰੂ ਦੀ ਜੱਫੀ ਪੈ ਗਈ ਹੈ। ਹੁਣ ਸਾਨੂੰ ਜਿੱਤਣ ਤੋਂ ਕਿਹੜਾ ਮਾਈ ਦਾ ਲਾਲ ਰੋਕ ਲੂ!
- ਸੁਰਮੀਤ ਮਾਵੀ, ਸ਼ਾਹਜਹਾਂਪੁਰ ਮੋਰਚਾ

# ਕਿਰਸਾਨੀ ਆਬਾਦ ਰਹੇਗੀ

ਹਰਮਨਜੀਤ

ਹਰੇ ਰੰਗ ਦੀ ਟਕਸਾਲੀ ਦਿੱਖ ਉਹਦੇ ਚੇਤਿਆਂ 'ਚ ਚੌਂਕੜੀ ਮਾਰੀ ਬੈਠੀ ਰਹਿੰਦੀ ਹੈ । ਮਿੱਟੀ ਦੀਆਂ ਡਲੀਆਂ ਉਹਨੂੰ ਅੰਗਾਂ-ਪੈਰਾਂ ਜਿੰਨੀਆਂ ਪਿਆਰੀਆਂ ਤੇ ਧਰਤੀ ਦੀ ਛੋਹ ਉਹਦੇ ਖਿੱਲਰੇ ਮਨ ਦੇ ਟੋਟੇ 'ਕੱਠੇ ਕਰਦੀ ਹੈ । ਉਹਦੀ ਪੈਦਾਵਾਰ ਉਹਦੇ ਰਗਾਂ ਰੇਸ਼ਿਆਂ 'ਚ ਨੱਚਦੀ ਰੰਗਲੀ ਧੁੱਪ ਦਾ ਸਾਰ ਹੈ । ਉਹ 'ਕੱਲਾ ਖੇਤਾਂ 'ਚ ਜੂਝਦਾ ਫਸਲਾਂ ਉਗਾਉਣ ਵਾਲਾ ਆਮ ਜਿਹਾ ਬੰਦਾ ਹੀ ਨਹੀਂ । ਉਹ ਸਾਡੇ ਜੀਵਨ ਦੇ ਹਰ ਪੱਖ 'ਚ ਹਾਜ਼ਰ ਹੈ ।

ਉਹ ਤੜਕੇ ਸੂਰਜ ਨੂੰ ਜਗਾਉਂਦਾ ਤੇ ਧੁੱਪਾਂ 'ਚ ਜ਼ੋਰ ਮਾਰਦਾ ਹੈ। ਹਵਾ ਬਣ ਕੇ ਉਹਨਾਂ ਲੋਟੂਆਂ ਦੇ ਘਰਾਂ 'ਚ ਵੀ ਸਾਹ ਵੰਡਦੈ ਜਿਹੜੇ ਉਹਦੇ ਖ਼ੂਨ ਵਿੱਚ ਆਪਣੀਆਂ ਦਾਲਾਂ ਰਿੰਨ੍ਹਦੇ ਨੇ । ਕਈ ਕਵਿਤਾਵਾਂ ਬਿਨ ਕਾਗਜ਼ਾਂ-ਕਲਮਾਂ ਤੋਂ ਲਿਖੀਆਂ ਜਾਂਦੀਆਂ ਜਿਉਂ ਉਹਦੀ ਪਿੱਠ ਉੱਤੇ ਚਿਉਂਦਾ ਮੁੜ੍ਹਕਾ ਵਿਸ਼ਵ ਦੀਆਂ ਮਹਾਨ ਕਵਿਤਾਵਾਂ 'ਚੋਂ ਇੱਕ ਹੈ ।

ਉਹ ਫਸਲਾਂ ਬੂਟਿਆਂ ਦੀ ਖੇਤੀ ਹੀ ਨਹੀਂ ਕਰਦਾ । ਕਿਰਸਾਨ ਵਿਚਾਰਾਂ ਦੀ ਖੇਤੀ ਵੀ ਕਰਦਾ । ਗੱਲਾਂ 'ਚ ਸਹਿਜ ਤੇ ਸ਼ੱਕਰ ਭਰਦਾ । ਸਮਿਆਂ ਨੇ ਉਹਨੂੰ ਉਜੱਡ , ਗੰਵਾਰ, ਬੂਝੜ ਜਾਂ ਖਾੜਕੂ ਕਿਹਾ ਪਰ ਯਾਦ ਰੱਖਣਾ ਸਿੱਟਿਆਂ ਉੱਤੋਂ ਉੱਡੀ ਚਿੜੀਆ ਦੀ 'ਡਾਰ ਨਾਲ ਆਪ ਵੀ ਉੱਡਦਾ । ਉਸ ਦਰਵੇਸ ਨੂੰ ਭਲਾਂ ਕਿਹੜੇ ਬੰਨ੍ਹ ਰੋਕ ਸਕਦੇ ਨੇ ਜੀਹਨੂੰ ਔਖ ਤੇ ਸੌਖ ਵਿੱਚ ਵੀ ਕੋਈ ਫਰਕ ਨਹੀਂ ਲਗਦਾ ਤੇ ਜੀਹਨੂੰ ਮਿੱਟੀ ਦਿਆਂ ਕਣਾਂ 'ਚੋਂ ਵੀ ਪਹਾੜ ਦਿਸਦੇ ਨੇ । ਰੱਬ ਰਾਖਾ ।

ਧਰਤੀ, ਧਰਮ, ਧਿਆਨ ਦੀ ਵਿੱਥਿਆ
ਹਰ ਯੁੱਗ ਅੰਦਰ ਯਾਦ ਰਹੇਗੀ
ਮਿਟ ਜਾਵਣਗੇ ਮੇਟਣ ਵਾਲ਼ੇ
ਕਿਰਸਾਨੀ ਆਬਾਦ ਰਹੇਗੀ ।
ਕਿਰਸਾਨੀ ਆਬਾਦ ਰਹੇਗੀ ।

ਕਿਸਾਨ ਕੋਲ ਸਬਰ ਬਹੁਤ ਹੁੰਦਾ ਹੈ, ਇਹੀ ਸਬਰ ਜਿੱਤ ਚ ਸਹਾਈ ਹੋਊ। ਹੁਣ ਸਰਕਾਰ ਚਾਲਾਂ ਚੱਲ ਰਹੀ ਹੈ। ਕਿਸਾਨ ਚੁੱਪ, ਸ਼ਾਂਤ ਬੈਠੇ ਨੇ। ਕਿਸਾਨਾਂ ਤੇ ਕੋਈ ਅਸਰ ਨਹੀਂ
ਪੰਜਾਬ ਚੋਂ ਫਿਕਰ ਪੁੱਛਦਾ ਹੈ- ਕੀ ਬਣੂ, ਮੋਰਚੇ ਚੋ ਜਵਾਬ ਆਉਂਦਾ ਹੈ- ਜਿੱਤ ਕੇ ਮੁੜਾਂਗੇ । - ਤਨਵੀਰ

# ਪੰਜਾਬੀ ਕੌਮ

ਰੂਪੀ ਕੌਰ, ਟੋਰਾਂਟੋ, ਵਾਸ਼ਿੰਗਟਨ ਪੋਸਟ ਵਿਚੋਂ

ਪੰਜਾਬ ਨੇ ਹਮੇਸ਼ਾ ਧੱਕੇਸ਼ਾਹੀ ਖਿਲਾਫ ਆਵਾਜ਼ ਬੁਲੰਦ ਕੀਤੀ ਹੈ। ਮੋਦੀ ਦੇ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਇਸੇ ਕੜੀ ਦਾ ਹਿੱਸਾ ਹੈ। ਸਾਡੀ ਕੌਮ ਜ਼ਾਲਮਾਂ ਉੱਤੇ ਹੱਸਦੀ ਹੈ।

ਪੰਜਾਬੀ ਅੱਜ-ਕੱਲ ਕਹਿੰਦੇ ਹਨ, "ਜਦ ਦੁਨੀਆ ਜਿੱਤਣ ਤੁਰੇ ਸਿਕੰਦਰ ਨੇ ਸਾਡੇ ਉੱਤੇ ਚੜ੍ਹਾਈ ਕੀਤੀ, ਤਾਂ ਪੰਜਾਬ ਦੇ ਹੌਂਸਲੇ ਕਰਕੇ ਉਸ ਨੂੰ ਵਾਪਸ ਮੁੜਨਾ ਪਿਆ ਸੀ। ਸਿਕੰਦਰ ਦੇ ਮੁਕਾਬਲੇ ਮੋਦੀ ਕੀ ਚੀਜ਼ ਹੈ?" ਪੰਜਾਬ ਨਾਲ ਮੱਥਾ ਲਾਉਣ ਵਾਲੇ ਜ਼ਾਲਮਾਂ ਦੀ ਲੰਬੀ ਕਤਾਰ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਕ ਹੋਰ ਨਾਮ ਜੁੜ ਗਿਆ ਹੈ।


ਪੰਜਾਬ ਵਿਚਲਾ ਮੇਰਾ ਪਰਿਵਾਰ ਅਤੇ ਰਿਸ਼ਤੇਦਾਰ ਜ਼ਿਆਦਾਤਰ ਖੇਤੀ ਕਿੱਤੇ ਨਾਲ ਜੁੜੇ ਹੋਏ ਹਨ। ਹਿੰਦੁਸਤਾਨ ਦੇ ਅੱਧੇ ਤੋਂ ਵੱਧ ਕਾਮਿਆਂ ਨੂੰ ਖੇਤੀ ਤੋਂ ਰੁਜ਼ਗਾਰ ਮਿਲਦਾ ਹੈ, ਅਤੇ 85 ਫ਼ੀਸਦੀ ਕਿਸਾਨਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਹੈ। ਮੇਰੇ ਮਾਸੀ ਜੀ, ਜੋ ਖੁਦ ਛੋਟੇ ਪੱਧਰ ਦੇ ਕਿਸਾਨ ਹਨ, ਨੇ ਕੁਝ ਹਫਤੇ ਪਹਿਲਾਂ ਸਾਡੇ ਨਾਲ ਗੱਲ ਕਰਦੇ ਕਿਹਾ, "ਉਹ ਸਾਡੇ ਕੋਲੋਂ ਸਭ ਕੁਝ ਖੋਹਣ ਦੀ ਕੋਸ਼ਿਸ਼ ਕਰ ਸਕਦੇ ਹਨ, ਉਨ੍ਹਾਂ ਨੇ ਪਹਿਲਾਂ ਵੀ ਕੀਤੀ ਹੈ।" ਆਪਣੇ ਪਿੰਡ ਵਿਚਲੇ ਇੱਕ ਰੋਸ ਮੁਜ਼ਾਹਰੇ ਵਿੱਚ ਸ਼ਾਮਿਲ ਹੋ ਕੇ ਉਹ ਅਜੇ ਘਰ ਮੁੜੇ ਹੀ ਸਨ ਜਦ ਉਨ੍ਹਾਂ ਨੇ ਇੱਕ ਹੋਰ ਗੱਲ ਆਖੀ ਕਿ, "ਸਾਡੇ ਹੌਂਸਲੇ ਹਮੇਸ਼ਾ ਬੁਲੰਦ ਰਹਿਣਗੇ।"
ਇਹ ਸਿਰਫ ਇੱਕ ਮੋਰਚਾ ਹੀ ਨਹੀਂ, ਬਲਕਿ ਪੰਜਾਬ ਅਤੇ ਪੰਜਾਬੀਆਂ ਦੀ ਚੜ੍ਹਦੀ ਕਲਾ ਨਾਲ ਜਬਰ-ਜ਼ੁਲਮ ਅਤੇ ਧੱਕੇਸ਼ਾਹੀ ਦਾ ਵਾਰ-ਵਾਰ ਟਾਕਰਾ ਕਰਨ ਦੀ ਸਮਰੱਥਾ ਅਤੇ ਜਜ਼ਬੇ ਦੀ ਮਿਸਾਲ ਹੈ ਜੋ ਅੱਜ ਅਸੀਂ ਆਪਣੇ ਅੱਖੀਂ ਵੇਖ ਰਹੇ ਹਾਂ।

ਭਾਰਤ ਵਿੱਚ ਸਰਕਾਰ ਨਾਲ ਅਸਹਿਮਤ ਹੋਣ ਦੀ ਆਜ਼ਾਦੀ ਹੌਲੀ-ਹੌਲੀ ਖਤਮ ਹੁੰਦੀ ਜਾ ਰਹੀ ਹੈ। ਇਸ ਮੁੱਢਲੇ ਮਨੁੱਖੀ ਅਧਿਕਾਰ ਨੂੰ ਮੁੜ ਸੁਰਜੀਤ ਕਰਨ ਦੀ ਕੋਈ ਵੀ ਉਮੀਦ ਇਸ ਕਿਸਾਨ ਮੋਰਚੇ ਦੀ ਸਫਲਤਾ ਉੱਤੇ ਨਿਰਭਰ ਕਰਦੀ ਹੈ। ਸਰਕਾਰ ਨੂੰ ਪੂਰੀ ਤਰ੍ਹਾਂ ਧਨਾਢ ਅਰਬਪਤੀਆਂ ਅਤੇ ਕਾਰਪੋਰੇਸ਼ਨਾਂ ਦੇ ਅਧੀਨ ਲਿਆਉਣ ਦੀ ਕਵਾਇਦ ਦੇ ਖਿਲਾਫ ਇਹ ਲਹਿਰ ਇੱਕ ਆਖਰੀ ਲੜਾਈ ਵਾਂਗ ਹੈ। ਮੋਰਚੇ ਵਿੱਚ ਸ਼ਾਮਿਲ ਇੱਕ ਬਜ਼ੁਰਗ ਦੇ ਬੋਲ ਮੇਰੇ ਕੰਨੀਂ ਗੂੰਜ ਰਹੇ ਹਨ, "ਅਸੀਂ ਤਾਂ ਮੋਦੀ ਨਾਲੋਂ ਵੱਡੇ ਜ਼ਾਲਿਮਾਂ ਖਿਲਾਫ ਵੀ ਜੂਝੇ ਹਾਂ। ਜਦ ਤੱਕ ਸਾਡੇ ਸਾਹ ਚੱਲਦੇ ਹਨ, ਅਸੀਂ ਆਪਣੇ ਹੱਕਾਂ ਲਈ ਲੜਦੇ ਰਹਾਂਗੇ।"

ਮੁੱਕਦੀ ਗੱਲ ਇੰਨੀ ਕੁ ਹੈ ਕਿ ਸਾਨੂੰ ਦੇਖਣਾ ਪੈਣਾ ਕਿ ਅਸੀਂ ਕੀ ਚਾਹੁੰਦੇ ਹਾਂ?

ਸਾਰੀਆਂ ਘੱਟ-ਗਿਣਤੀਆਂ ਲਈ ਅਮਨ-ਸ਼ਾਂਤੀ ਅਤੇ ਇਨਸਾਫ, ਜਾਂ ਵੱਖੋ-ਵੱਖਰੇ ਵਰਗਾਂ ਵਿੱਚ ਆਪਸੀ ਨਫਰਤ ਅਤੇ ਵੰਡ?

ਲੋਕਤੰਤਰ ਜਾਂ ਸਿਰਫ ਬਹੁਗਿਣਤੀ ਦੇ ਹੱਕ? ਕਿਸਾਨ ਜਾਂ ਮੋਦੀ?
ਤੁਸੀਂ ਆਪਣੀ ਤਰਜੀਹ ਦੱਸੋ। ਮੈਂ ਤਾਂ ਆਪਣਾ ਫੈਸਲਾ ਕਰ ਚੁੱਕੀ ਹਾਂ।



# ਪੁਰਾਣਾ ਪੰਜਾਬੀ ਸਮਾਜ ਅਤੇ ਬੀਬੀਆਂ

ਡਾਕਟਰ ਮਨਜ਼ੂਰ ਏਜਾਜ ਦੀ ਕਿਤਾਬ
'ਪੰਜਾਬ ਦਾ ਲੋਕ ਇਤਿਹਾਸ' ਵਿੱਚੋਂ

ਖੇਤੀਬਾੜੀ ਦੀ ਖ਼ੋਜ ਬੀਬੀਆਂ ਨੇ ਕੀਤੀ ਸੀ। ਇਸ ਕਰਕੇ ਉਹ ਨਵੀਂ ਤਬਦੀਲੀ ਦੀਆਂ ਵਿਚਾਰਵਾਨ ਵੀ ਸਨ ਅਤੇ ਪ੍ਰਚਾਰਕ ਵੀ। ਉਹਨਾਂ ਨੂੰ ਜ਼ਿੰਦਗੀ ਅਤੇ ਅੰਨ੍ਹ ਦੇ ਜਨਮਦਾਤਾ ਅਤੇ ਪਾਲਣਹਾਰ ਵਜੋਂ ਦੇਖਿਆ ਜਾਂਦਾ ਸੀ। ਉਹ ਸਿਰਜਣਾ ਦਾ ਬਿੰਬ ਸਨ ਅਤੇ ਕਾਇਨਾਤ ਦੀ ਸਭ ਤੋਂ ਵੱਡੀ ਤਾਕਤ ਦਾ ਜ਼ਾਹਰਾ ਰੂਪ ਸਨ। ਭਾਰਤੀ ਉਪ-ਮਹਾਂਦੀਪ ਦੇ ਕੁਝ ਹਿੱਸਿਆਂ ਵਿੱਚ ਅੱਜ ਵੀ ਫ਼ਸਲ ਦਾ ਬੀਜ ਬੀਬੀਆਂ ਹੱਥੋਂ ਪਵਾਇਆ ਜਾਂਦਾ ਹੈ। ਬੱਚੇ, ਭੋਜਨ ਅਤੇ ਹੋਰ ਦਾਤਾਂ ਵੰਡਣ ਵਾਲੀਆਂ ਬੀਬੀਆਂ ਨੂੰ ਪੁਰਾਣੇ ਸਮਿਆਂ ਵਿੱਚ ਦੇਵੀਆਂ ਦੇ ਰੂਪ ਵਿੱਚ ਪੂਜਿਆ ਜਾਂਦਾ ਸੀ। ਜਦੋਂ ਖੇਤੀਬਾੜੀ ਲਈ ਜਾਨਵਰਾਂ ਨੂੰ ਵਰਤਿਆ ਜਾਣ ਲੱਗਿਆ ਤਾਂ ਇਹ ਕਿੱਤਾ ਮਰਦਾਂ ਦੇ ਹੱਥ ਵਿੱਚ ਆ ਗਿਆ। ਔਰਤ ਦੇਵੀਆਂ ਦੀ ਥਾਂ ਮਰਦ ਦੇਵਤੇ ਪੂਜੇ ਜਾਣ ਲੱਗੇ ਅਤੇ ਮਰਦਾਂਵੀ ਸੱਤਾ ਨੇ ਮਾਤਰੀ ਸੱਤਾ ਦੀ ਥਾਂ ਲੈ ਲਈ।

# ਕਿਰਤੀ ਲਹਿਰ ਦੀ ਵਾਰਿਸ

ਅਮੋਲਕ ਸਿੰਘ, ਟੀਕਰੀ ਮੋਰਚਾ

ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਸੜਕਾਂ 'ਤੇ ਚੱਲ ਰਹੇ ਸੰਗਰਾਮ ਵਿਚ ਔਰਤਾਂ ਦੇ ਕਾਫ਼ਲੇ ਸਮੇਤ ਪੁੱਜੀ ਸੁਰਿੰਦਰ ਕੁਮਾਰੀ ਕੋਛੜ ਨੇ ਵੱਖ ਵੱਖ ਮੋਰਚਿਆਂ ਦੀਆਂ ਤੰਗ ਗਲੀਆਂ ਵਿਚੀਂ ਗੁਜ਼ਰੇ ਜੀਵਨ ਸੰਗਰਾਮ ਦੇ ਅਮੁੱਲ ਵਰਕੇ ਸਾਂਝੇ ਕੀਤੇ। ਮੋਰਚੇ ਉੱਤੇ ਪੁੱਜਦਿਆਂ ਹੀ ਟਿੱਪਣੀ ਕੀਤੀ: 'ਮੈਂ ਜਿਹੜੇ ਦ੍ਰਿਸ਼ ਆਪਣੇ ਨੈਣਾਂ ਨਾਲ 1943-44 ਵਿਚ ਦੇਖੇ, ਅੱਜ ਇੱਕ ਵਾਰ ਫਿਰ ਉਹੀ ਝਲਕੀਆਂ ਸਾਡੇ ਸਨਮੁੱਖ ਹਨ'। ਉਹ ਚਿੰਤਾ ਜ਼ਾਹਰ ਕਰਦੀ ਹੈ ਕਿ ਜੇ ਨਵੇਂ ਕਾਨੂੰਨਾਂ ਦਾ ਹੱਲਾ ਨਾ ਪਛਾੜਿਆ ਤਾਂ ਰੋਟੀ, ਰੋਜ਼ੀ, ਜ਼ਮੀਨ, ਜੰਗਲ, ਜਲ, ਜੀਵਨ ਦੀਆਂ ਮੁੱਢਲੀਆਂ ਲੋੜਾਂ ਤੋਂ ਵਿਰਵੇ ਲੋਕ ਕੰਗਾਲੀ ਦੇ ਸਾਗਰ 'ਚ ਡਬੋ ਕੇ ਮੌਤ ਦੇ ਮੂੰਹ ਧੱਕੇ ਜਾਣਗੇ'।


ਦਿੱਲੀ ਮੋਰਚੇ ਤੇ ਟਰਾਲੀਆਂ, ਝੁੱਗੀਆਂ, ਖੁੱਲ੍ਹੇ ਅੰਬਰ ਹੇਠ ਸੜਕਾਂ ਉੱਤੇ ਪਲ ਪਲ ਬ਼ਲ ਰਹੀਆਂ ਔਰਤਾਂ, ਬਜ਼ੁਰਗਾਂ, ਗੱਭਰੂਆਂ, ਮੁਟਿਆਰਾਂ ਨਾਲ ਸੁਰਿੰਦਰ ਨਾਲ ਗਿਆ ਵਕੀਲਾਂ, ਪ੍ਰੋਫੈਸਰਾਂ, ਰੰਗ ਕਰਮੀਆਂ ਦਾ ਜੱਥਾ ਇਨ੍ਹਾਂ ਸੰਗਰਾਮੀਆਂ ਦੇ ਸਬਰ, ਸਿਰੜ, ਟੀਮ-ਵਰਕ ਅਤੇ ਜ਼ਾਬਤੇ ਤੋਂ ਬੇਹੱਦ ਪ੍ਰਭਾਵਤ ਹੋਇਆ ਆਪਣੇ ਪ੍ਰਭਾਵ ਸਾਂਝੇ ਕਰਦਿਆਂ ਦੱਸਦਾ ਹੈ ਕਿ ਉਹ ਜ਼ਿੰਦਗੀ-ਮੌਤ ਦਾ ਘੋਲ ਸਮਝ ਕੇ ਦਿੱਲੀ ਦੀਆਂ ਸੜਕਾਂ ਉਪਰ ਨਿੱਤਰੇ ਹਨ। ਸੁਰਿੰਦਰ ਨੇ ਜਿਵੇਂ 1944 ਵਿਚ ਝੁੱਗੀਆਂ ਵਿਚ ਜਾਂਦੇ ਗ਼ਦਰੀ, ਕਿਰਤੀ ਆਗੂਆਂ ਨੂੰ ਦੇਖਿਆ, ਉਸੇ ਤਰ੍ਹਾਂ ਦਿੱਲੀ ਮੋਰਚੇ ਤੇ ਜੱਥੇਬੰਦੀ ਦੇ ਆਗੂਆਂ ਨੂੰ ਮੀਟਿੰਗਾਂ, ਵਿਚਾਰ-ਚਰਚਾਵਾਂ ਅਤੇ ਰੈਲੀਆਂ ਕਰ ਕੇ ਚੇਤਨ ਕਰਦਿਆਂ ਦੇਖ ਕੇ ਜਾਪਿਆ ਕਿ ਅੱਜ ਲਿਖਿਆ ਜਾ ਰਿਹਾ ਇਤਿਹਾਸ, ਬੀਤੇ ਇਤਿਹਾਸ ਦੀ ਅਤੇ ਆਉਣ ਵਾਲੇ ਕੱਲ੍ਹ ਦੇ ਇਤਿਹਾਸ ਦੀ ਖ਼ੂਬਸੂਰਤ ਲੜੀ ਬਣ ਕੇ ਨਿਖਰਦਾ ਪ੍ਰਤੀਤ ਹੋ ਰਿਹਾ ਹੈ।

# ਕਿਸਾਨਾਂ ਦਾ ਟੈਂਕ

ਮਨੂੰ ਮੌਦਗਿਲ, ਸਿੰਘੂ ਬਾਰਡਰ

ਕੰਬਾਈਨ ਹਾਰਵੈਸਟਰ ਖੇਤ ਚ ਵਰਤਿਆ ਜਾਣ ਵਾਲਾ ਸਭ ਤੋਂ ਵੱਡਾ ਸੰਦ ਹੈ। ਇਹ ਝੋਨੇ ਤੇ ਕਣਕ ਨੂੰ ਵੱਢਣ, ਝਾੜਨ, ਦਾਣੇ ਕੱਢਣ ਦੇ ਤਿੰਨੇ ਕੰਮ ਇੱਕ ਵਾਰ ਚ ਹੀ ਪੂਰਾ ਕਰਕੇ ਸਮੇਂ ਅਤੇ ਮਿਹਨਤ ਦੀ ਬਚਤ ਕਰਦਾ ਹੈ। ਪਰ ਇਹਦਾ ਦੂਜਾ ਪਾਸਾ ਵੀ ਹੈ। ਪਰਾਲੀ ਨੂੰ ਅੱਗ ਲਾਉਣ ਦਾ ਇਕ ਕਾਰਨ ਕੰਬਾਈਨ ਹੈ।

ਇਹ ਝੋਨੇ ਨੂੰ ਜ਼ਮੀਨ ਦੇ ਅੱਠ ਇੰਚ ਉਤੋਂ ਵੱਢਦਾ ਹੈ, ਜਿਸ ਕਰਕੇ ਬਹੁਤੀ ਪਰਾਲੀ ਖੇਤ ਚ ਹੀ ਰਹਿ ਜਾਂਦੀ ਹੈ। ਹੱਥ ਦੀ ਵਾਢੀ ਨਾਲ਼ ਸਿਰਫ ਨਾੜ ਜ਼ਮੀਨ ਚ ਰਹਿੰਦੀ ਸੀ ਜੋ ਕਿ ਸਮੇਂ ਤੇ ਨਮੀ ਦੀ ਮਾਰ ਨਾਲ ਸੜ ਕੇ ਖੇਤ ਚ ਹੀ ਵਾਹੀ ਜਾਂਦੀ। ਪਹਿਲਾਂ ਪਰਾਲੀ ਡੰਗਰਾਂ ਦੇ ਵਾੜੇ ਦੀ ਛੱਤ, ਜ਼ਮੀਨ ਤੇ ਵਿਛਾਉਣ ਵਾਸਤੇ ਅਤੇ ਚਾਰੇ ਵਜੋਂ ਕੰਮ ਆਉਂਦੀ ਸੀ ਹਾਲਾਂਕਿ ਇਹ ਕਣਕ ਦੀ ਤੂੜੀ ਤੋਂ ਘੱਟ ਪੌਸ਼ਟਿਕ ਹੁੰਦੀ ਹੈ। ਮਨੁੱਖ ਤੋਂ ਮਸ਼ੀਨ ਦਾ ਇਹ ਸਫਰ ਹੋਰ ਨੁਕਸਾਨਦੇਹ ਹੋ ਗਿਆ ਜਦੋਂ ਖੇਤੀ ਵਿਗਿਆਨੀਆਂ ਨੇ ਕਿਸਾਨਾਂ ਨੂੰ ਪਰਾਲੀ ਦੇ ਚਾਰੇ ਦੇ ਬਦਲੇ ਬਾਜ਼ਾਰੀ ਖੁਰਾਕ ਦੇਣ ਦੀ ਤਰਜੀਹ ਕੀਤੀ ਤਾਂ ਜੋ ਜਾਨਵਰ ਜਿਆਦਾ ਦੁੱਧ ਦੇਣ। ਉਨ੍ਹਾਂ ਕਿਸਾਨਾਂ ਨੂੰ ਅੱਗ ਲਾਉਣ ਦੀ ਵੀ ਸਲਾਹ ਦੀਤੀ ਜਿਸਦੇ ਨਾਲ਼ ਖੇਤ ਚੋ ਪਰਾਲੀ ਦੇ ਨਾਲ਼ ਨਾਲ਼ ਕੀਟ, ਨਦੀਨ ਵੀ ਸਾਫ ਹੋ ਸਕੇ ਤੇ ਫ਼ਸਲ ਦਾ ਝਾੜ ਵਧ ਆਵੇ। ਵਿਗਿਆਨੀਆਂ ਦਾ ਧਿਆਨ ਸਿਰਫ ਦੁੱਧ ਤੇ ਫ਼ਸਲ ਦੇ ਵਾਧੇ ਤੇ ਸੀ । ਉਹਨਾਂ ਇਹ ਨਹੀਂ ਸੋਚਿਆ ਕਿ ਜਾਨਵਰ ਤੇ ਖੇਤ ਦਾ ਐਨਾ ਗੂਹੜਾ ਰਿਸ਼ਤਾ ਤੋੜਣ ਨਾਲ਼ ਮਿੱਟੀ, ਹਵਾ ਤੇ ਮਨੁੱਖ ਉੱਪਰ ਕੀ ਅਸਰ ਹੋਵੇਗਾ। ਖੇਤਾਂ ਨੂੰ ਅੱਗ ਲਾਉਣ ਦਾ ਉਪਾਅ ਪੈਸੇ ਦੀ ਬੱਚਤ ਤਾਂ ਕਰਦਾ ਹੈ ਪਰ ਕੁਦਰਤੀ ਦੌਲਤ ਗਵਾ ਦਿੰਦਾ ਹੈ।




ਅੱਜ ਦੇ ਹਾਲਾਤ ਵਿਚ ਪਿੱਛੇ ਜਾਣਾ ਮੁਸ਼ਕਿਲ ਹੈ ਕਿਉਂਕਿ ਪਰਾਲੀ ਦੀ ਸਾਂਭ ਇੱਕ ਵੱਡਾ ਖਰਚਾ ਹੈ, ਉਹ ਵੀ ਉਦੋਂ ਜਦੋਂ ਖੇਤੀ ਹਰ ਸਾਲ ਮਹਿੰਗੀ ਹੁੰਦੀ ਜਾ ਰਹੀ ਹੈ ਤੇ ਹਰ ਇਕ ਕੁਇੰਟਲ ਅਨਾਜ, ਹਰ ਇਕ ਲੀਟਰ ਦੁੱਧ ਜ਼ਰੂਰੀ ਹੈ। ਕੰਬਾਈਨ ਤੇ ਨਕੇਲ ਪਾਉਣ ਲਈ ਪੰਜਾਬ ਸਰਕਾਰ ਨੇ ਕੁਝ ਸਾਲ ਪਹਿਲਾਂ ਸੁਪਰ ਐੱਸ. ਐੱਮ. ਐੱਸ. ਸੰਦ ਨੂੰ ਲਾਜ਼ਮੀ ਕਰ ਦਿੱਤਾ। ਐੱਸ. ਐੱਮ. ਐੱਸ. ਕੰਬਾਈਨ ਦੇ ਪਿੱਛੇ ਲਗਦਾ ਹੈ ਤੇ ਪਰਾਲੀ ਨੂੰ ਚੰਗੀ ਤਰ੍ਹਾਂ ਕੁਤਰ ਕੇ ਖਲਾਰ ਦਿੰਦਾ ਹੈ। ਪਰ ਇਹਦੇ ਲਈ ਵੱਡੇ ਟਰੈਕਟਰ ਤੇ ਜਿਆਦਾ ਤੇਲ ਦੀ ਲੋੜ ਹੈ। ਪੰਜਾਬ ਕੋਲ ਏਨੀਂ ਗਿਣਤੀ ਚ ਵੱਡੇ ਟਰੈਕਟਰ ਨਹੀਂ ਅਤੇ ਕਿਸਾਨ ਵੀ ਇਸ ਵਿਚ ਦਿਲਚਸਪੀ ਨਹੀਂ ਵਿਖਾ ਰਹੇ ਕਿਉਂਕਿ SMS ਨਾਲ ਦਾਣਿਆਂ ਦਾ ਨੁਕਸਾਨ ਵੀ ਹੁੰਦਾ ਹੈ।

ਸੋ ਕੰਬਾਈਨ ਹਾਰਵੈਸਟਰ ਖਲੋਤਾ ਹੈ, ਆਧੁਨਿਕ ਖੇਤੀ ਦਾ ਪ੍ਰਤੀਕ ਬਣ ਕੇ, ਜੀਹਨੇ ਮਨੁੱਖ ਨੂੰ ਛੋਟਾ ਕਰ ਦਿੱਤਾ ਹਾਲਾਂਕਿ ਅਸੀਂ ਕਦੇ ਕਦੇ ਉਸ ਉਤੇ ਚੜ੍ਹ ਲੈਣੇ ਹਾਂ।

# ਇੱਕ ਰਾਤ ਦਾ ਮੁੱਲ

ਜਤਿੰਦਰ ਮੌਹਰ, ਟੀਕਰੀ ਮੋਰਚਾ

ਗੁਰਮੇਲ ਮਡਾਹੜ ਦੀ ਇਸ ਕਹਾਣੀ ਵਿੱਚ ਨੌਜਵਾਨ ਕਿਸਾਨ ਨੂੰ ਵਿਆਹ ਵਾਲੀ ਰਾਤ ਪਾਣੀ ਦੀ ਵਾਰੀ ਲਈ ਜਾਣਾ ਪੈਂਦਾ ਹੈ। ਨਵੀਂ ਵਿਆਹੀ ਵਹੁਟੀ ਨੂੰ ਘਰੇ ਛੱਡ ਕੇ ਉਹ ਪਿਓ ਦੇ ਨਾਲ ਪਾਣੀ ਦੀ ਵਾਰੀ ਲਾਉਣ ਚਲਿਆ ਜਾਂਦਾ ਹੈ। ਅੱਤ ਦੀ ਠੰਢ ਵਿੱਚ ਕੱਸੀ ਤੋਂ ਆਉਂਦੇ ਠੰਢੇ-ਸੀਤ ਪਾਣੀ ਦਾ ਨੱਕਾ ਮਾਰਨ ਲੱਗਿਆਂ ਕਹੀ ਦਾ ਚੇਪਾ ਤੇਜ਼ ਪਾਣੀ ਦੀ ਧਾਰ ਅੱਗੇ ਖੜ ਨਹੀਂ ਰਿਹਾ ਹੈ ਕਿਉਂਕਿ ਜ਼ਮੀਨ ਰੇਸਲੀ ਹੈ। ਨੌਜਵਾਨ ਦਾ ਪਿਉ ਕੁੜਤਾ ਲਾਹ ਕੇ ਨੱਕੇ ਦੇ ਵਿੱਚ ਬੈਠ ਜਾਂਦਾ ਹੈ ਅਤੇ ਆਪਣੀ ਪਿੱਠ ਉੱਤੇ ਚੇਪਾ ਸੁੱਟਣ ਨੂੰ ਕਹਿੰਦਾ ਹੈ। ਰੇਤ ਪਿਓ ਦੇ ਪਿੱਠ ਉੱਤੇ ਸੁੱਟੀ ਜਾ ਰਹੀ ਹੈ। ਬਜ਼ੁਰਗ ਠੰਢ ਨਾਲ ਨੀਲਾ ਹੋ ਰਿਹਾ ਹੈ। ਆਖਰ ਨੱਕਾ ਟਿਕ ਜਾਂਦਾ ਹੈ।

ਜਿਣਸ ਨੂੰ ਮੰਡੀ ਲੈ ਕੇ ਗਏ ਨੌਜਵਾਨ ਕਿਸਾਨ ਨੂੰ ਆੜ੍ਹਤੀ ਕਹਿੰਦਾ ਹੈ ਕਿ ਸਰਕਾਰ ਜਿਣਸ ਦਾ ਚੰਗਾ ਮੁੱਲ ਦੇ ਰਹੀ ਹੈ। ਅੱਗਿਉਂ ਨੌਜਵਾਨ ਕਿਸਾਨ ਦੇ ਅੱਖਾਂ ਮੂਹਰੇ ਪਤਾ ਨਹੀਂ ਕਿੰਨੇ ਦ੍ਰਿਸ਼ ਘੁੰਮ ਜਾਂਦੇ ਹਨ। ਉਹ ਬੱਸ ਇੰਨ੍ਹਾਂ ਕਹਿਣਾ ਚਾਹੁੰਦਾ ਹੈ, "ਇਹ ਤਾਂ ਜੀ ਸਾਡੀ ਇੱਕ ਰਾਤ ਦਾ ਮੁੱਲ ਵੀ ਨਹੀਂ ਹੈ।



# ਇੱਕ ਕਵਿਤਾ

ਕੁਲਦੀਪ ਕੌਰ

ਸੰਤਾਲੀ ਦੇ ਦੰਗਿਆਂ ਵਿੱਚ
ਪਿਓ ਦੇ ਕਤਲ ਦੀ ਗਵਾਹ ਸੁਰਜੀਤ ਕੌਰ
ਚੁਰਾਸੀ ਵਿੱਚ ਲਾਪਤਾ ਹੋਇਆ ਜਵਾਈ ਲੱਭ ਰਹੀ ਹੈ ਮੋਰਚੇ ਤੇ
ਦਿੱਲੀ ਉਸ ਲਈ ਇੱਕ ਠੰਡੀ ਕਤਲਗਾਹ ਹੈ

ਜੰਗਵੀਰ ਨੂੰ ਨਰਮੇ ਦੇ ਖੇਤ ਵਿੱਚ ਬੇਜਾਨ ਵਿਛੀ
ਆਪਣੇ ਆੜੀ ਦੀ ਲਾਸ਼ ਨਹੀਂ ਭੁੱਲਦੀ
ਕਿੰਨੇ ਸਾਲਾਂ ਤੋਂ ਉਸ ਖੇਤ ਵਿੱਚ ਪੈਰ ਰੱਖਣ ਤੋਂ ਡਰਦਾ ਉਹ
ਇਸ ਮੋਰਚੇ ਵਿਚ ਆਖਰੀ ਹੰਝੂ ਰੋ ਲੈਣ ਆਇਆ

ਦਸਵੀਂ ਵਿਚੋਂ ਪੜ੍ਹਨੋ ਰਹਿ ਗਈਆ ਦੋਵੇਂ ਕੁੜੀਆਂ
ਦਿੱਲੀ ਵਾਲੇ ਨਾਗਰਿਕ ਰਜਿਸਟਰਾਂ ਨੂੰ ਅੰਗੂਠਾ ਦਿਖਾਦਿਆਂ
ਕੈਂਸਰ ਦੇ ਇਲਾਜ ਖੁਣੋਂ ਮਰੀ ਮਾਂ ਦੇ ਬੇਵਕਤ ਕਤਲ
ਦੀ ਸਰਕਾਰੀ ਸਾਜਿਸ਼ ਖਿਲਾਫ ਮੋਰਚੇ ਵਿੱਚ ਹਨ

ਰੋਟੀ ਵੇਲਦੇ ਸੁਰਜਨ ਦੀ ਬਿਰਤੀ
1986 ਦੀ ਇਕ ਰਾਤ ਵਿੱਚ ਅਟਕੀ ਪਈ ਹੈ
ਰਜ਼ਾਈ ਨੂੰ ਚਾਰੋਂ ਖੂੰਜਿਆਂ ਤੋਂ ਘੁੱਟਦਾ ਉਹ
ਨਾਅਰੇ ਮਾਰਦੇ ਮੁੰਡਿਆਂ ਚੋਂ ਸਾਰਾ ਦਿਨ ਪੁੱਤ ਦਾ ਮੁੜੰਗਾ ਭਾਲਦਾ

ਸਾਰੀ ਉਮਰ ਲੋਕਾਂ ਦੇ ਚੁੱਲ੍ਹੇ ਚੌਂਕੇ ਲਿਪਦੀ ਸੰਤੋ
ਇਥੇ, ਇਸ ਮੋਰਚੇ ਤੇ ਆਪਣੀਆਂ ਪਾਟੀਆਂ ਵਿਆਈਆ
ਤੇ ਹੱਥਾਂ ਦੀਆਂ ਤ੍ਰੇੜਾਂ ਲਿੱਪ ਦੇਣ ਆਈ ਹੈ
ਇਥੇ ਉਸ ਦੇ ਪਸੀਨੇ ਦਾ ਰੰਗ ਲਹੂ ਰੰਗਾ ਹੈ

ਮੋਰਚੇ ਤੇ ਲੋਕ ਯਾਦਾਂ, ਸੁਪਨਿਆਂ ਤੇ ਚੇਤਿਆਂ ਨੂੰ
ਆਪਸ ਵਿਚ ਅਦਲਾ - ਬਦਲੀ ਕਰ-ਕਰ ਦੇਖਦੇ
ਵਿੱਛੜ ਗਿਆ ਤੋਂ ਵੱਧ ਕਦੇ ਨਾ ਮਿਲਿਆ ਦੀ ਚਿੰਤਾ ਕਰਦੇ
ਉਨ੍ਹਾਂ ਨੂੰ ਅਣਲਿਖੇ ਇਤਿਹਾਸ ਦਾ ਹਰਫ਼ ਹਰਫ਼ ਰੱਟਿਆ ਪਿਆ
ਕੋਈ ਬਾਬਾ ਨਾਨਕ ਦੀ "ਤੇਰਾ-ਤੇਰਾ" ਵਾਲੀ ਤੱਕੜੀ ਵਾਚਦਾ
ਕਿਸੇ ਦੀ ਸੁਰਤਿ ਰੋਸ ਤੇ ਰੰਜ਼ ਨਾਲ ਲਬਰੇਜ਼ ਰਹਿੰਦੀ
ਕੋਈ ਪੰਜਵੀਂ ਦੀ ਕਿਤਾਬ ਵਾਲੇ ਸਰਾਭੇ ਨੂੰ ਭਾਲਦਾ ਫਿਰਦਾ ਤੇ
ਕਿਸੇ ਨੂੰ ਲਾਹੌਰ ਦੀ ਸੈਂਟਰਲ ਜੇਲ ਦਾ ਹੇਰਵਾ ਸੌਣ ਨਹੀਂ ਦਿੰਦਾ

ਇਥੇ ਸਾਰੇ, ਸਾਰਿਆਂ ਦੇ ਗਵਾਚੇ ਹੋਇਆ ਨੂੰ ਭਾਲਦੇ ਫਿਰਦੇ
ਇਥੇ ਸਾਰੇ, ਸਾਰੀਆਂ ਤਕਲੀਫ਼ਾਂ ਖਿਲਾਫ ਆਪਣਾ ਦਿਲ ਬਾਲਦੇ



ਸੂਰਜ ਡੁੱਬਣ ਲੱਗਿਆ, ਸਾਰਾ ਦਿਨ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਪੰਜਾਬੀ ਕਿਸਾਨ ਬੀਬੀਆਂ ਆਪਣੀਆਂ ਟਰਾਲੀਆਂ ਤੇ ਵਾਪਿਸ ਆ ਗਈਆਂ। ਜਦੋਂ ਉਹ ਸਾਰੇ ਆਰਾਮ ਕਰਨ ਬੈਠ ਗਏ ਤਾਂ ਇਕ ਹਰਿਆਣਵੀ ਕਿਸਾਨ ਇਕ ਜੀਪ ਤੋਂ ਥੱਲੇ ਆਇਆ। ਉਸਨੇ ਕਣਕ ਦੀ ਬੋਰੀ ਕਿਸਾਨ ਬੀਬੀਆਂ ਨੂੰ ਸੌਂਪ ਦਿੱਤੀ। ਉਨ੍ਹਾਂ ਸਾਰਿਆਂ ਨੇ ਉਸ ਨੂੰ ਕਿਹਾ ਕਿ ਉਹ ਇਸ ਬੋਰੀ ਨੂੰ ਵਾਪਸ ਲੈ ਜਾਏ ਕਿਉਂਕਿ ਉਹ ਸਭ ਕਈ ਦਿਨਾਂ ਦਾ ਰਾਸ਼ਨ ਆਪਣੇ ਨਾਲ ਲੈ ਕੇ ਆਏ ਹੋਏ ਨੇ। ਹਰਿਆਣੇ ਦੇ ਕਿਸਾਨ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਪੰਜਾਬ ਦੇ ਆਪਣੇ ਕਿਸਾਨ ਮਿੱਤਰਾਂ ਦੀ ਮਦਦ ਕਰਨਾ ਆਪਣਾ ਫਰਜ਼ ਸਮਝਦਾ ਹੈ।

-ਤਸਵੀਰ ਅਤੇ ਲਿਖਤ - ਸ਼ਸ਼ਾਕ ਵਾਲੀਆ

# ट्रॉली टाइम्स

## इतिहास के मुहाने से...

ममता जाखड़, एपवा राजस्थान

सिंघू बॉर्डर में, ममता जाखड़ एक किसान की बेटी हूं। मैंने जैसे ही इस किसान आंदोलन के बारे में सुना तो मेरा भी मन किया कि मैं इस आंदोलन का हिस्सा बनूं। मैं अपने परिवार, मेरी दो बेटी और पति के साथ जैसे ही इस आंदोलन में आई, इस आंदोलन की महक और लोगों का जो गुस्सा मोदी सरकार के प्रति है वह काबिले तारीफ नजर आया। जिस प्यार, भाईचारे व वसुधैव कुटुंबकम की भावना यहां चरितार्थ होती है वह बहुत कम नज़र आती है। जिस समाजवादी भारत का सपना हम देखते हैं वह यहां नजर आता है यहां आया हुआ बच्चा-बच्चा चाहता है कि यह तानाशाही मोदी सरकार होश में आए और जनता, किसान और मजदूरों पर यह काले कानून न थोपें वरना सरकार को इसका अंजाम भुगतना होगा। यहां के लोगों का हौसला यह बता रहा है की है आंदोलन कितना भी लंबा चले, वे यह काले कानून रद्द करवा कर रहेंगे । कुछ लोग तो अपने घरों में यह बोल कर आए है कि इस कानून के वापस होने पर ही घर लौटेंगे, लोग इस तानाशाही सरकार के खिलाफ आर-पार के संघर्ष के लिए पूर्ण रुप से तैयार है ।

यहाँ के पंजाबी, राजस्थानी साथियों का लंगर और उनका खाना काबिले तारीफ है। मैंने मेरे जीवन में ऐसा आंदोलन पहली बार देखा है, जिसमें जिस भारत के बारे में मैंने किताबों में पढ़ा था, जिस विविधता में एकता या अनेकता में एकता के बारे में हम किताबों में पढ़ते थे वह यहां चरितार्थ हो रहा है। यहां लोगों में जो भाईचारा है वैसा मैंने कहीं नहीं देखा। यहां लोग सर्दियों के कपड़े और हर तरह की जरूरत की वस्तुएं सभी जरूरतमंद लोगों को दे रहे है। इंसानियत व मानवता का परिचय किसान आंदोलन में ही नजर आता है , लोग जिस तरीके से मिलकर खाना बनाते हैं और जिस प्यार से लोगों को खिलाते हैं वह काम केवल एक किसान अन्नदाता ही कर सकता है। अन्नदाता किसान को ही पता है कि अनाज व जमीन की क्या कीमत होती है? आंदोलन में मोदी सरकार का हर कतारों द्वारा तानाशाही सरकार का कठोरता से विरोध हो रहा है और यह देश का बहुत बड़ा आंदोलन है और मुझे ओर मेरी बेटियों को गर्व है इस इतिहास का हिस्सा बनने पर।

दोस्तों ऐसी कई कहानियां इस आंदोलन के कोने कोने में छिपी हैं और यही इस आंदोलन की खूबसूरती है।





## घर से सिंघू बार्डर तक - एक दिन

कृष्ण कुमार निर्माण, करनाल

जैसे ही आप चंडीगढ़ से दिल्ली के लिए निकलते हैं तो लगभग हर दस किलोमीटर पर आपको किसान आंदोलन का नजारा देखने को मिल जाएगा।हर वाहन जिस पर किसान का झंडा या बैन्नर लगा है, उसे बाकायदा रोककर चाय, पिन्नी, बिस्कुट, ब्रेड आदि की सेवा से नवाजा जाता है। करनाल, घरौंडा, पानीपत में भी यह सिलसिला रुकता नहीं है।हाँ, समालखा और गनौर में थोड़ा हल्का जरूर पड़ता है लेकिन फिर से रंग में आ जाता है। जैसे ही आप राई में प्रवेश करेंगे तैसे ही आपको किसान आंदोलन का जलवा दिखाई देने लग जाएगा।सड़क के बीचों-बीच सटकर खड़े ट्रेक्टर, ट्राली, गाड़ियां एक बार आपको अचंभित भी कर सकती हैं कि ये कैसे हो गया? आप यहीं से अपने वाहन में धीरे-धीरे रेंग सकते हैं, जैसे ही थोड़ी दूर चलते हैं और कुंडली में प्रवेश करते हैं तो किसान आंदोलन का रंग आप पर भी चढ़ने लग जाएगा क्योंकि अब आपको कहीं भी जगह देखकर अपना वाहन खड़ा करना होगा और पैदल ही चलना होगा।

मुख्य मंच तक जाने के लिए लगभग दो या तीन किलोमीटर का रास्ता पैदल तय करना होगा।जब आप इस रास्ते पर चल रहे होंगे तो आप आंदोलन के भिन्न-भिन्न रंग देखेंगे। हर सौ मीटर की दूरी पर लंगर की व्यवस्था है। साफ-सफाई का मोर्चा सेवादार युवाओं ने संभाला हुआ है। बाकायदा वाशिंग मशीनें लगाई गई हैं। कहीं आपको गन्ने का ज्यूस मिलेगा तो कहीं किन्नू का। कहीं आपको वेज बिरायनी मिलेगी तो कहीं गज़क। मुंगफली तो आपकी रास्ते भर कई बार मिलेगी। अगर आप में खाने की कुव्वत है तो चाहे जितनी मर्जी खा सकते है। कहीं कोई लगातार पोस्टर बना रहे हैं, कहीं नारे लगाए जा रहे हैं, कहीं पर गाने भी गाए जा रहे हैं, कहीं हरियाणवी पगड़ी दिखाई देगी। हुक्का भी अपनी छाप छोड़ रहा है।

मजे की बात यह है कि किसान आंदोलन की जो परिणीति हो, वो तो भविष्य बताएगा मगर जब हमने इस आंदोलन में कुछ ऐसे छोटे-छोटे बच्चों से बात कि जिनके घर इस जीटी रोड़ के आस-पास हैं, उन्होंने मुस्कुराते हुए चेहरे से कहा कि हमें तो बहुत अच्छा लग रहा है। हमने पूछा कि क्या और कैसे अच्छा लग रहा है? उनका जवाब था, "जैसा खाना हमें अब मिल रहा है, वैसा हमने कभी नहीं खाया"। यह सुनकर दिल को तसल्ली मिली कि चलिए आंदोलन से किसी का भला तो हो रहा है। आगे बढ़ने पर हमने कुछ औरतों और लोगों से बात की, उनका जवाब था कि, "भगवान करे ये गाँव यो हीं बसा रहे क्योंकि हमें अच्छा खाना मिल रहा है, वह भी सम्मान के साथ"।सच में हमारी आँखों में आंसू आ गए कि मेरे भारत देश की हालत क्या है? सच में एक बार पक्ष और विपक्ष के नेताओं को पैदल इस आंदोलन का जायजा लेना चाहिए ताकि उन्हें सच्चाई पता लग सके।

ड्रोन से देखने पर काफी कुछ दिखाई नहीं देता है। आंदोलन में बुजुर्गों की मालिश तक की जा रही है। स्वास्थ्य की जांच करने का कई जगह प्रबंध है।सर्वकर्मचारी संघ की ओर से भी मुख्य मंच के पीछे एक मोर्चा कर्मचारियों ने किसान आंदोलन में खोला हुआ है, जिसमें डिस्पेंसरी शामिल है। मजे की बात है कि यहाँ भी विभिन्न विभागों के कर्मचारी किसान आंदोलन के समर्थन में अपनी आवाज बुलंद करते हैं। यहाँ जयभगवान दहिया और दिनेश छिक्कारा डटे हुए हैं। यहीं मुख्य मंच है, इसके आस-पास की सुरक्षा और प्रवेश का जिम्मा युवाओं ने बेहतरीन ढंग से संभाला हुआ है। सारा दिन यहां भाषण चलता है। जब हम यहाँ का जायजा ले रहे थे तब उत्तराखण्ड के किसान अपनी बात बोल रहे थे कि वो किसान आंदोलन के साथ हैं।

बीच-बीच में आपको ढोलक, बाजा आदि-आदि कुछ बेचने वाले भी मिल जाएंगे। कई अलग -अलग लोगों से हमने बात की तो सबका एक ही जवाब था कि इतनी जिद्द और अहंकार सरकार को शोभा नहीं देता। कृषि कानून वापिस होने चाहिए। तमाम इंतजामात को देखकर तो ऐसा लगता है कि यहाँ लगभग छह माह तक रहने का पुख्ता प्रबंध है क्योंकि चौबीस दिन बाद किसी के माथे पर किसी भी प्रकार की कोई शिकन तक नहीं हैं। मीडिया भी घूमता हुआ यहाँ मिलेगा लेकिन पता नहीं क्यों गोदी मीडिया आपके ढूंढे से यहाँ नहीं मिलेगा।

## परमजीत और नैनप्रीत

जसप्रीत कौर, ग़ाज़ीपुर बॉर्डर

परमजीत और नैनप्रीत, फिजियोथैरेपी और नरसिंह टीम के साथ लुधियाना से गाजीपुर किसान आंदोलन में किसानों की सेवा करने आए हैं।

9 दिसंबर से यह धरने पर ही हैं। औरतों के लिए बराबर इंतजाम ना होने के कारण इनके लिए ठंड भरे यह दिन काटना आसान नहीं है, मगर उनका कहना है, "अगर मन में सेवा करना ठान लिया हो तो मुश्किलें कैसी?" ।9 दिसंबर की रात को जब यह दो लड़कियां अपनी टीम के साथ पहुंची, तो आते ही मेडिकल फैसिलिटी का इंतजाम करने में जुट गई।

सुबह तक सब तैयार करके वह किसान भाइयों की सेवा करने में जुट गई और लगभग 48 घंटे नींद नसीम हुई इन्होंने किसानों के पांव में हुए जख्मों की मरहम पट्टी की, आज उनको इस बात की तसल्ली और खुशी दोनों है कि वह घाव भरने लगे हैं।

अब उनके और उनकी दूसरी महिला साथी के पास अपने टेंट है और वह संतुष्ट है कि दूसरे बड़े कार्यों में व हअपना योगदान दे रही है।

## किसान भी, जवान भी

जस्सी संघा, सिंघु मोर्चा, दिल्ली

पिछले दिनों पंजाबी गायक बीर सिंह ने बहुत भावुक मन से बापू अमरजीत सिंह की शिरकत का ज़िक्र किया। सिंघू मोर्चे पर आपको एक पचासी साल का व्यक्ति अपने सीने पर फ़ौज के मैडल लगाए घूमता हुआ दिखाई देता है, तो यह बापू अमरजीत सिंह है जो गाँव नैनकोट, जिला गुरदासपुर का निवासी है।वे 1962 के पहले चीन-भारतीय युद्ध में लड़े थे, जिसके दौरान उन्हें कैदी बना लिया गया था| चीन में नौ महीने की कैद काटकर वह भारत लौट आया, फिर 1965 का भारत-पाकिस्तान युद्ध हुआ, जिस में ये जवान जम्मू से सतवारी तक लड़ा| फिर 1972 का युद्ध आया| बापू जी सूबेदार के पद से सेवानिवृत्त हुए हैं| वह कहते हैं कि जवान और किसान एक दूसरे के बहुत करीब हैं, किसान के ही बच्चे देश की सेवा के लिए सरहदों पर बैठे हैं और हम किसान अपने अधिकारों के लिए दिल्ली की सीमा पर बैठे हैं।

बापू का मानना है कि अगर हम आज नहीं लड़ेंगे, तो हमारी आने वाली पीढ़ियाँ हमें फटकारेंगी और इन काले कानूनों की वजह से पीड़ित होंगी। वह भावुक होकर कहते है "देश की रखवाली करते हुए तीन लड़ाइयाँ लड़ी, मगर शहादत नहीं मिली। अब ये चौथी लड़ाई है, हमें जीत हासिल करनी होगी, नहीं तो यहीं हक़ों के लिए लड़ते हुए शहादत दे देनी है।"

## साफ-सफाई का इंतजाम करे सरकार

प्रभात तिवारी

तीन विवादित कृषि कानूनों के विरोध में लगभग 25 दिनों से दिल्ली के सिंघू और टिकरी बॉर्डर पर प्रदर्शन चल रहा है। किसान इन बिलों का विरोध करने के लिए अपने घरों से सैकड़ों किलोमीटर दूर प्रदर्शन करने इकट्ठा हुए हैं ऐसे में कई सारी चुनौतियाँ भी उनके सामने हैं। ऐसी ही एक समस्या है, साफ सफाई और उससे पनपने वाली बीमारियां। हालांकि किसान अपने स्तर पर इस समस्या से निपटने का हर सम्भव प्रयास कर रहे हैं लेकिन बिना सरकार की मदद के इस समस्या से पूरी तरह निकल पाना सम्भव नहीं है। पंजाब और हरियाणा से आये हुए कुछ डॉक्टर प्रदर्शन कर रहे किसानों को पर्याप्त चिकित्सकीय सुविधाएं प्रदान करने का काम कर रहे हैं।

पंजाब से आये हुए डॉक्टर सवाईमान सिंह कहते हैं, "पिछले कुछ दिनों से डायरिया के मामलों में अचानक से उछाल आया है, जो कि सही नहीं है।" वो हमें बताते हैं कि शुरुआत में उन्हें इस बात का अंदाज़ा नहीं था कि प्रदर्शन इतना लंबा चलेगा लेकिन जैसे जैसे प्रदर्शन आगे बढ़ रहा है वे आवश्यतानुसार संसाधन जुटा रहे हैं। साथ मे आये हुए डॉक्टर देओल बताते हैं कि महिलाओं के लिए अलग टेंट की व्यवस्था है और हम महिलाओं की स्वास्थ्य संबंधी आवश्यकताओं के भी ख्याल रख रहे हैं। उन्होंने कहा, "हमारे पास महिलाओं के लिए सैनिटरी पैड्स हैं और हमारा प्रदर्शन रूढ़िवादी धारणाओं से परे हटकर प्रगतिशील है, हम महिलाओं की जरूरतों को समझते हैं और उन्हें पर्याप्त सुविधाएं मुहैया करवा रहे हैं।"

इसके अलावा मूविंग टॉयलेट्स की भी व्यवस्था की गई है। किसानों के एक टीम की ड्यूटी समय समय पर प्रदर्शन स्थल को साफ करने की है और इस तरह से वे सफाई सुनिश्चित कर रहे हैं।

हालांकि, प्रदर्शन स्थल पर मौजूद डॉक्टर और किसान दोनों इस समस्या से निपटने की कोशिश कर रहे हैं लेकिन अभी भी आवश्यकता है कि सरकार इस मुद्दे को गंभीरता से ले व साफ सफाई के पर्याप्त इंतज़ाम करवाये।





# देश को भुखमरी के रास्ते पर ले जाएंगे नए कृषि कानून!

इस्लाम हुसैन, उत्तराखंड

क्या नए कृषि कानून केवल किसानों के लिए अहितकर हैं ? बाक़ी जनता का या कम से कम देश की आधी जनसंख्या का इससे कोई लेना-देना नहीं है? यह सोचना, मानना और कहना पूरी तरह गलत है। खाद्यान्न की निजी खरीद, उसका निजी स्टाक रखना और सबसे महत्वपूर्ण आवश्यक वस्तु अधिनियम का खत्म होना देश की बहुसंख्यक जनता के भविष्य असुरक्षित करने का सबसे ख़तरनाक षड्यंत्र है।

देश में अभी भी बड़ी संख्या में भूखी जनता के लिए पेट भरना एक बड़ी समस्या है, (जिसे सुथरी भाषा और शब्दावली में हंगर इंडेक्स के एक उतार चढ़ाव से प्रदर्शित किया जाता है) देश में गरीबी की रेखा से नीचे रहने वाली और गरीबी की रेखा के आसपास रहने वाली करीब आधी जनसंख्या अभी भी खाद्यान्न सुरक्षा की दृष्टि से असुरक्षित है। अंत्योदय और गरीबी की रेखा से नीचे रहने वाले परिवारों की संख्या क्रमश: 2.42 करोड़ और 6.52 करोड़ परिवार हैं अर्थात 40-50 करोड़ की जनसंख्या इससे जुड़ी है। इसमें बड़ी संख्या में छूटे हुए परिवार व उनकी जनसंख्या व मध्यम वर्ग सम्मिलित नहीं है, जिन्हें भी राज्य सहायतित अनाज का वितरण होता है।ऐसे में खाद्यान्न की बिक्री स्टाक और परिवहन को पूरी तरह निजी क्षेत्र के हाथों छोड़ना देश के साथ और देश की जनता के साथ एक धोखा ही कहा जाएगा।

खाद्यान्न के बढ़ते उत्पादन के बावजूद देश में खाद्यान्न असुरक्षा की इसी जमीनी हक़ीक़त के कारण ही पिछली सरकार ने अपने अन्तिम दिनों में राष्ट्रीय खाद्यान्न सुरक्षा कानून (एनएफएसए 2013) बनाया था, जिसमें 75% ग्रामीण आबादी और 50% शहरी आबादी को खाद्यान्न सुरक्षा के अन्तर्गत लाकर उन्हें खाद्यान्न सुरक्षा का भरोसा दिलाया गया था।

बात पुरानी नहीं अभी लाकडाउन के समय की है जब 'अच्छे अच्छे' परिवार आटा चावल के लिए चिन्तित हो गए थे, बहुत से लोग/परिवार जो कंट्रोल या कोटे के राशन को हेय दृष्टि से देखते थे सरकारी कंट्रोल के राशन की लाइन में लग कर राशन लेते देखे गए थे। इससे यही पता चलता है कि देश में भले ही लाखों टन (इस समय 800 लाख टन से अधिक) अनाज गोदामों और स्टाक में मौजूद हो, तब भी उसकी आपूर्ति हर जगह अबाध रूप से बिना सार्वजनिक वितरण प्रणाली (पीडीएस, उचित मूल्य की सरकारी राशन की दूकान) के सम्भव नहीं है।

लाकडाउन में राशन को लेकर इतना हाहाकार मचा कि राज्य सरकारों को अतिरिक्त राशन (दाल सहित) सार्वजनिक वितरण प्रणाली (पीडीएस, उचित मूल्य की दूकान, सरकारी राशन की दूकान) के माध्यम से जारी करना पड़ा, लाखों लोग जो राशन कार्ड भूल चुके थे राशनकार्ड लेकर सरकारी राशन की दुकानों से राशन लेने के लिए लाइन में खड़े थे। जिन लाखों लोगों के पास राशन कार्ड नहीं था उन्हें नए राशन कार्ड जारी किए गए, कई स्थानों पर आधार कार्ड और वोटर आईडी के पर राशन वितरित किया गया।

लाकडाउन के शुरुआत के अप्रैल और मई महीनों में राशन को लेकर देशभर में जो पैनिक था, वह यह समझने के लिए पर्याप्त है कि देश में भले ही खाद्यान्न का उत्पादन ज़रूरत से ज़्यादा हो जाए उसका समान और समय से वितरण बहुत ही आवश्यक है। और उसे किसी निजी व्यवस्था के भरोसे नहीं छोड़ा जा सकता। और राशन की सर्वसुलभ आपूर्ति, सार्वजनिक वितरण प्रणाली (पीडीएस, उचित मूल्य की सरकारी राशन की दूकान) के माध्यम के बिना संभव नहीं है।

याद करें पिछली सदी में बंगाल के अकाल के समय देश में अनाज होने के बाद भी लाखों लोग भूख से मारे गए थे क्योंकि तब कोई सार्वजनिक वितरण प्रणाली (पीडीएस, सरकारी राशन की दूकान) नहीं थी और देश पूरा निजी स्टाकिस्टों के रहमों करम पर था। ईश्वर न करे लाकडाउन जैसा या और कोई खाद्यान्न संकट न आए, यदि आया तो निजी स्टाकिस्टों और के पास रखा अनाज कैसे भूखे लोगों तक पहुंचेगा? क्योंकि तब न भारतीय खाद्य निगम की सरकारी खरीद होगी न उसका अपना स्टाक होगा, तब निजी व्यापारियों का स्टाक होगा और अडानी के साइलो गोदामों से निकला हुआ खाद्यान्न मुंह मांगे दामों पर मिलेगा, आज की हालत यह है कि शहरों के बड़े शोरूम और माल में 20 रुपये किलो वाले गेहूं का आटा 50 रुपए किलो तक बिक रहा है, और कारपोरेट में काम करने वाले टाईबाज़ मज़दूर बड़े फ़ख्र से खरीद रहे हैं, लेकिन देश का आम आदमी यह गुलामी बर्दाश्त नहीं कर सकेगा ना उसकी ऐसी सामर्थ्य है।

नए कृषि कानूनों में खाद्यान्न की खरीद को खुला छोड़ दिया गया है, कृषि मंडियों की उपयोगिता को समाप्त कर दिया गया है, और खाद्यान्न के स्टाक पर सीमाबंदी समाप्त करके किसानों से अधिक आम उपभोक्ता को खतरे में डाल दिया गया है। तब भारतीय खाद्य निगम जो बाजार में खाद्यान्न के मूल्यों को आम आदमी की पहुंच में बनाए रखने के लिए बाजार की आवश्यकता के अनुसार खाद्यान्न पहले से खरीदकर समय से उसकी आपूर्ति करता रहता है, तब वह नहीं रहेगा। (आज भले ही उसका अस्तित्व है लेकिन जब बड़े स्टाकिस्टों के पास उससे अधिक स्टाक होगा या बिल्कुल भी नहीं होगा) तो कैसे खाद्यान्न की आपूर्ति और मूल्यों पर नियंत्रण हो सकेगा? यह विचारणीय है।

पिछले दशकों में अक्सर जब सूखे और अतिवृष्टि से रबी या खरीफ़ की फसल पर ज़रा भी नकारात्मक प्रभाव पड़ता था, तो सरकार फौरन भारतीय खाद्य निगम से अतिरिक्त खाद्यान्न रिलीज करवा कर खाद्यान्न की आपूर्ति से मूल्यों का संतुलन बना लेती थी। आज देश के पास ( भारतीय खाद्य निगम के स्टाक में) आवश्यकता से अधिक अनाज है, तो इस बात की कौन गारंटी दे सकता है कि यह स्थिति हमेशा बनी रहेगी, या अकाल, अतिवृष्टि और लाकडाउन जैसी आपातकालीन स्थिति कभी भी कमी नहीं आएगी ?

फिर भारत की खाद्य सुरक्षा, राष्ट्रीय खाद्य सुरक्षा कानून, सार्वजनिक वितरण प्रणाली, मिड डे मील, खाद्यान्न आधारित अन्य सामाजिक सुरक्षा कार्यक्रमों, समाज कल्याण विभाग के छात्रावासों को खाद्यान्न आपूर्ति से जुड़े सवाल भी चिन्ता जनक हैं। जिसके लिए सरकार भारतीय खाद्य निगम को सहायता/सब्सिडी देने का प्रावधान है। लेकिन पिछले कुछ समय से सरकार ने भारतीय खाद्य निगम को राज्य सहायता देना बंद कर दिया है, जिससे इन समाज कल्याण के कार्यक्रमों को चलाने के लिए भारतीय खाद्य निगम ने विभिन्न वित्तीय संस्थानों से कर्ज लेना आरंभ कर दिया है। (यह क़र्ज़ करीब एक लाख करोड़ रुपए से बढ़कर ढाई तीन लाख करोड़ हो गया है) इस कर्ज के लगातार बढ़ने यह खतरा बढ़ गया है कि कहीं भारतीय खाद्य निगम ही समाप्त/बंद न हो जाए, या इसे भी सरकार औने पौने दाम पर कारपोरेट को सौंप दे, तब न खाद्यान्न खरीद होगी ना सार्वजनिक वितरण प्रणाली रहेगी और ना ही मिड डे मील का झंझट रहेगा। इसे कहते हैं, "न रहेगा बांस न बजेगी बांसुरी"।

मौजूदा सरकार की मंशा देखकर लगता तो यही है कि यह सरकार अंतिम रुप से सभी समाज कल्याण कार्यक्रमों से हाथ खींचकर पूरे सामाजिक-आर्थिक ढांचे को बर्बाद करने पर तुली है।नए कृषि कानूनों में भारतीय खाद्य निगम की भूमिका को कम करने का यह प्रावधान देश की बहुसंख्यक जनता के लिए बहुत महंगा पड़ने वाला है। क्योंकि भारतीय खाद्य निगम की स्थापना जिन उद्देश्यों के लिए की गई थी उसमें देश के नागरिकों के लिए खाद्य सुरक्षा सुनिश्चित करना। न्यूनतम समर्थन मूल्य (एमएसपी) पर खाद्यान्नों की कार्यकुशल खरीद, भंडारण एवं वितरण करना। खाद्यान्नों के बफर स्टॉक के रखरखाव सहित समुचित नीतिगत साधनों के माध्यम से खाद्यान्नों और चीनी की उपलब्धता सुनिश्चित करना। सार्वजनिक वितरण प्रणाली के माध्यम से, विशेष रूप से समाज के कमजोर और वंचित वर्गों को वाजिब मूल्यों पर खाद्यान्न उपलब्ध करना। देशभर में राष्ट्रीय खाद्य सुरक्षा अधिनियम, 2013 का कार्यान्वयन करना। गेहूं,धान/चावल और मोटे अनाज की कार्यकुशल खरीद के माध्यम से मूल्य समर्थन प्रचालन करना। लक्षित सार्वजनिक वितरण प्रणाली



को मजबूत बनाना। चीनी उद्योग का विकास/संवर्धन करना। वेयरहाऊसिंग क्षेत्र का विकास करना, तथा सार्वजनिक सेवा प्रणाली में सुधार करना सम्मिलित हैं।

नए कृषि कानूनों से भारतीय खाद्य निगम की इस भूमिका पर सबसे बड़ा प्रहार होने जा रहा है। सरकार किसानों को तो न्यूनतम मूल्य की गारंटी देने का आश्वासन दे रही है, लेकिन भारतीय खाद्य निगम के कार्यों को बनाए रखने तथा सामाजिक कल्याण के कार्यक्रमों को बनाए रखने के बारे में अभी तक पूरी तरह मौन है। इसलिए नए कृषि कानूनों पर आम जनता और सामाजिक संगठनों को किसानों से पहले आपत्ति होनी चाहिए।

होना तो यह चाहिए था कि सरकार द्वारा जल्दबाजी में लाए गए कृषि कानूनों पर आम जनता, जन प्रतिनिधि मीडिया और सामाजिक संगठन, किसानों से पहले सरकार से जवाब लेते, कि नए कृषि कानूनों को लाकर वह किस तरह देश की खाद्यान्न वितरण प्रणाली लाना चाहती है। और वह कैसे देश

---

बिहार से अखिल भारतीय किसान महासभा का जत्था दो विधायकों की अगुवाई में टिकरी मोर्चे पर पहुँचा।

किसानों के बढ़ते हुजूम ने आज शाहजहांपुर सीमा को पूर्णतः बंद कर दिया है। इससे सरकार की परेशानियाँ और बढ़ी।

---

इन ढलानों पर वसंत आएगा

मंगलेश डबराल


इन ढलानों पर वसंत आएगा
हमारी स्मृति में
ठंड से मरी हुई इच्छाओं को
फिर से जीवित करता
धीमे-धीमे धुँधुवाता खाली कोटरों में
घाटी की घास फैलती रहेगी रात को
ढलानों से मुसाफ़िर की तरह
गुज़रता रहेगा अँधकार

चारों ओर पत्थरों में दबा हुआ मुख
फिर से उभरेगा झाँकेगा कभी
किसी दरार से अचानक
पिघल जाएगा जैसे बीते साल की बर्फ़
शिखरों से टूटते आएँगे फूल
अंतहीन आलिंगनों के बीच एक आवाज़
छटपटाती रहेगी
चिड़िया की तरह लहूलुहान

**नई खेती**

**रमाशंकर यादव 'विद्रोही'**

**मैं किसान हूँ**
**आसमान में धान बो रहा हूँ**
**कुछ लोग कह रहे हैं**
**कि पगले! आसमान में धान नहीं जमा करता**
**मैं कहता हूँ पगले!**
**अगर ज़मीन पर भगवान जम सकता है**
**तो आसमान में धान भी जम सकता है**
**और अब तो दोनों में से कोई एक होकर रहेगा**
**या तो ज़मीन से भगवान उखड़ेगा**
**या आसमान में धान जमेगा.**






trolleytimes.online

Scan this to download a pdf
Email: Timestrolley@gmail.com
Instagram: trolley_times_official
Facebook: timestrolley
Twitter: trolleytimes

Submit your images at Kisanekta.in

TROLLEY TIMES > FACT CHECK





# ਅਦਾਨੀ ਭਜਾਓ, ਕਿਸਾਨੀ ਬਚਾਓ

ਪੂਰਾ ਸੱਚ

**1.** ਖੇਤੀ ਕਾਨੂੰਨ ਲਾਗੂ ਹੋਣ ਤੋਂ ਬਾਅਦ ਐਫ ਸੀ ਆਈ ਖਤਮ ਕਰ ਦਿੱਤੀ ਜਾਏਗੀ। ਅਦਾਨੀ ਜਿਨਾਂ ਚਿਰ ਮਰਜੀ ਜਿਨਸਾਂ ਸਾਂਭ ਕੇ ਰੱਖ ਸਕੇਗਾ। ਆਪਣੀ ਮਰਜੀ ਨਾਲ਼ ਕੀਮਤਾਂ ਤੈਅ ਕਰ ਸਕੇਗਾ। ਮਜ਼ਦੂਰਾਂ ਨੂੰ ਮਿਲਦਾ ਸਸਤਾ ਆਟਾ ਦਾਲ ਬੰਦ ਹੋ ਜਾਵੇਗਾ। ਅਦਾਨੀ ਦੇ ਅਤੇ ਰਿਲਾਇੰਸ ਦੇ ਸਟੋਰਾਂ ਤੋਂ ਮਹਿੰਗਾ ਅਨਾਜ ਖਰਦੀਣਾ ਪਵੇਗਾ।

**2.** ਖੇਤੀ ਕਾਨੂੰਨ ਲਾਗੂ ਹੋਣ ਤੋਂ ਬਾਅਦ ਅਦਾਨੀ, ਰਿਲਾਇੰਸ ਜਾਂ ਹੋਰ ਵੱਡੇ ਕਾਰਪੋਰੇਟ ਕੰਟਰੈਕਟ ਖੇਤੀ ਵਿਚ ਆ ਜਾਣਗੇ। ਜਿਹੜੇ ਲੁਭਾਵੇਂ ਕੰਟਰੈਕਟ ਰਾਹੀਂ ਖੇਤੀ ਠੇਕੇ ਤੇ ਲੈ ਲੈਣਗੇ । ਪਰ ਫਸਲ ਮਾੜੀ ਹੋਣ ਤੇ ਜਾਂ ਕਿਸੇ ਵੀ ਹੋਰ ਕਾਰਨ ਵਸ ਕਿਸਾਨ ਕੋਲ ਆਪਣੇ ਹੱਕ ਦਾ ਮੁੱਲ ਤੈਅ ਕਰਨ ਦਾ ਜਾਂ ਆਪਣੇ ਹੱਕ ਵਾਸਤੇ ਲੜਣ ਦਾ ਕੋਈ ਵਸੀਲਾ ਨਹੀਂ ਹੋਵੇਗਾ।

**3.** ਖੇਤੀ ਕਾਨੂੰਨ ਲਾਗੂ ਹੋਣ ਤੋਂ ਬਾਅਦ ਖੇਤੀ ਅਤੇ ਅੰਨ ਦੀਆਂ ਕੀਮਤਾਂ ਅਦਾਨੀ ਵਰਗੇ ਕਾਰਪੋਰੇਟ ਕੰਟਰੋਲ ਕਰਨਗੇ। ਹੌਲੀ ਹੌਲੀ ਕਿਸਾਨਾਂ ਦਾ ਕਰਜਾ ਹੋਰ ਵਧਦਾ ਜਾਏਗਾ ਅਤੇ ਆਮਦਨ ਘਟਦੀ ਜਾਏਗੀ। ਮੁਨਾਫਾ ਕਾਰਪੋਰੇਟ ਖਾਣਗੇ ਤੇ ਘਾਟਾ ਕਿਸਾਨਾਂ ਪੱਲੇ ਪਾ ਦਿੱਤਾ ਜਾਵੇਗਾ। ਜਮੀਨਾਂ ਦੇ ਭਾਅ ਘਟਣਗੇ । ਕਿਸਾਨਾਂ ਕੋਲੋਂ ਜਮੀਨਾਂ ਖੁੱਸਣਗੀਆਂ, ਕਿਸਾਨ ਮਜ਼ਦੂਰ ਬਣ ਜਾਣਗੇ, ਮਜ਼ਦੂਰ ਵਧ ਜਾਣਗੇ ਅਤੇ ਮਜ਼ਦੂਰੀ ਘਟ ਜਾਏਗੀ।



ਕੁਝ ਕਦਮ
**ਗੁਰੂ ਨਾਨਕ**
ਦੇ ਨਾਲ

# ਗੁਰੂ ਨਾਨਕ ਦੇਵ ਜੀ ਦੀਆਂ ਚਾਰੇ ਉਦਾਸੀਆਂ

ਚਾਰੇ ਉਦਾਸੀਆਂ ਦਾ ਸਾਰ ਸਮਝ ਕੇ ਗੁਰੂ ਜੀ ਦੀ ਬਖਸ਼ਿਸ਼ ਲੈਣ ਲਈ ਇਹ ਖੇਡ ਅਗਲੇ ਪੇਜ 'ਤੇ ਖੇਡੋ।

**ਪਹਿਲੀ ਉਦਾਸੀ (1497-1510)** **1**

## ਕੁਰੂਕਸ਼ੇਤਰ (ਹਰਿਆਣਾ)

### ਚੰਗੇ ਕੰਮਾਂ ਲਈ ਪ੍ਰੇਰਿਤ ਕਰੋ, ਨਾ ਕਿ ਕਰਮ-ਕਾਂਡਾਂ ਲਈ।

ਪੰਡਤਾਂ ਨੇ ਲੋਕਾਂ ਦੇ ਮਨ ਵਿੱਚ ਇਹ ਭਰ ਦਿੱਤਾ ਸੀ ਕਿ ਸੂਰਜ ਗ੍ਰਹਿਣ ਦੇ ਸਮੇਂ ਸੂਰਜ 'ਤੇ ਰਾਖਸ਼ ਹਮਲਾ ਕਰ ਦਿੰਦੇ ਹਨ ਅਤੇ ਗ੍ਰਹਿਣ ਦੇ ਸਮੇਂ ਕਿਸੇ ਨੂੰ ਵੀ ਭੋਜਨ ਨਹੀਂ ਪਕਾਉਣਾ ਚਾਹੀਦਾ । ਗ੍ਰਹਿਣ ਦੇ ਸਮੇਂ ਲੋਕਾਂ ਨੂੰ ਪਵਿੱਤਰ ਨਦੀਆਂ ਵਿੱਚ ਇਸ਼ਨਾਨ ਕਰਕੇ ਪੰਡਤਾਂ ਨੂੰ ਦਾਨ ਕਰਨਾ ਚਾਹੀਦਾ ਹੈ। ਜਦੋਂ ਇਕ ਰਾਜਾ ਸ਼ਿਕਾਰ ਕੀਤੇ ਹਿਰਨ ਨੂੰ ਅੱਗ 'ਤੇ ਪਕਾਉਣ ਲੱਗਾ ਤਾਂ ਪੰਡਤ ਕ੍ਰੋਧਿਤ ਹੋ ਕੇ ਰਾਜੇ ਨੂੰ ਪਾਪੀ ਕਹਿ ਕੇ ਲੋਕਾਂ ਤੋਂ ਮਰਵਾਉਣ ਲੱਗੇ ਤਾਂ ਗੁਰੂ ਜੀ ਨੇ ਕਿਹਾ, "ਜੇ ਮਰੇ ਹੋਏ ਹਿਰਨ ਦਾ ਮਾਸ ਪਕਾਉਣਾ ਪਾਪ ਹੈ, ਤਾਂ ਇਕ ਇਨਸਾਨ ਨੂੰ ਮਾਰਨਾ ਪੁੰਨ ਕਿਵੇਂ ਹੋ ਸਕਦਾ ਹੈ? ਤੁਸੀਂ ਮਾਸ ਖਾਣ ਵਾਲਿਆਂ ਤੋਂ ਦਾਨ ਕਿਉਂ ਲੈਂਦੇ ਹੋ? ਇਹ ਦੋਗਲਾਪਣ ਕਿਉਂ ਦਿਖਾਉਂਦੇ ਹੋ? ਜੋ ਵੀ ਭੋਜਨ ਸਰੀਰ ਨੂੰ ਖਰਾਬ ਕਰੇ, ਮਨ ਨੂੰ ਭਟਕਾਏ, ਉਹ ਨਹੀਂ ਖਾਣਾ ਚਾਹੀਦਾ।"

**ਪਹਿਲੀ ਉਦਾਸੀ (1497-1510)** **2**

## ਹਰਿਦੁਆਰ (ਉੱਤਰਾਖੰਡ)

### ਸ਼ੁਭ ਕਰਮ ਕਰੋ, ਨਾ ਕਿਵਹਿਮਾਂ-ਭਰਮਾਂ ਵਿੱਚ ਵਿਸ਼ਵਾਸ

ਹਰਿਦੁਆਰ ਵਿਖੇ ਪੰਡਤ ਅਤੇ ਹੋਰ ਲੋਕ ਪੂਰਬ ਵਿੱਚ ਸੂਰਜ ਨੂੰ ਪਾਣੀ ਚੜ੍ਹਾ ਰਹੇ ਸਨ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੇ ਪਿੱਤਰਾਂ ਦੀ ਆਤਮਾ ਨੂੰ ਸ਼ਾਂਤੀ ਮਿਲੇਗੀ। ਉਨ੍ਹਾਂ ਦਾ ਇਹ ਭਰਮ ਤੋੜਨ ਲਈ ਗੁਰੂ ਨਾਨਕ ਦੇਵ ਜੀ ਨੇ ਪੱਛਮ ਵਿੱਚ ਪੰਜਾਬ ਵੱਲ ਮੂੰਹ ਕਰਕੇ ਪਾਣੀ ਸਿੱਟਣਾ ਸ਼ੁਰੂ ਕਰ ਦਿੱਤਾ ਅਤੇ ਕਿਹਾ ਕਿ ਉਹ ਆਪਣੇ ਖੇਤਾਂ ਨੂੰ ਪਾਣੀ ਦੇ ਰਹੇ ਹਨ। ਜਦੋਂ ਪੰਡਤਾਂ ਨੇ ਕਿਹਾ ਕਿ ਇਹ ਤਾਂ ਅਸੰਭਵ ਹੈ, ਤਾਂ ਗੁਰੂ ਜੀ ਨੇ ਕਿਹਾ, "ਜੇ ਕੁਝ ਸੈਂਕੜੇ ਮੀਲ ਦੂਰ ਮੇਰੇ ਖੇਤਾਂ ਵਿਚ ਪਾਣੀ ਨਹੀਂ ਪਹੁੰਚ ਸਕਦਾ ਤਾਂ ਤੁਹਾਡਾ ਪਾਣੀ ਕਰੋੜਾਂ ਮੀਲ ਦੂਰ ਸੂਰਜ ਤਕ ਪਹੁੰਚਣਾ ਕਿਵੇਂ ਸੰਭਵ ਹੋ ਸਕਦਾ ਹੈ?"

**ਪਹਿਲੀ ਉਦਾਸੀ (1497-1510)** **3**

## ਪਟਨਾ (ਬਿਹਾਰ)

### ਮਨੁੱਖਾ ਜੀਵਨ ਦੀ ਮਹੱਤਤਾ ਨੂੰ ਜਾਣਕੇ ਹੀ ਪ੍ਰਭੂ ਮਿਲਾਪ ਹੋ ਸਕਦਾ ਹੈ।

ਲੋਕਾਂ ਨੂੰ ਅਨਮੋਲ ਮਨੁੱਖਾ ਜੀਵਨ ਦੀ ਮਹੱਤਤਾ ਨੂੰ ਸਮਝਾਉਣ ਲਈ ਗੁਰੂ ਜੀ ਨੇ ਭਾਈ ਮਰਦਾਨੇ ਨੂੰ ਇਕ ਪੱਥਰ ਦੇ ਕੇ ਸ਼ਹਿਰ ਵਿਚ ਵੇਚਣ ਲਈ ਭੇਜਿਆ, ਜਿਸ ਨੂੰ ਜ਼ਿਆਦਾਤਰ ਲੋਕਾਂ ਨੇ ਆਮ ਪੱਥਰ ਸਮਝ ਕੇ ਕੋਈ ਮੁੱਲ ਨਾ ਦਿੱਤਾ। ਪਰ ਸਾਲਿਸ ਰਾਏ ਜੌਹਰੀ ਨੇ ਉਸ ਪੱਥਰ ਦੇ ਸਿਰਫ ਦਰਸ਼ਨ ਕਰਨ ਦਾ ਹੀ ਕੁਝ ਮੁੱਲ ਦੇ ਕੇ ਇਸ ਅਨਮੋਲ ਪੱਥਰ ਨੂੰ ਖਰੀਦਣ ਵਿਚ ਅਸਮਰਥਤਾ ਦੱਸੀ।

**ਪਹਿਲੀ ਉਦਾਸੀ (1497-1510)** **4**

## ਪੂਰਬੀ ਭਾਰਤ

### ਸੰਗਤ ਅਤੇ ਕੁਸੰਗਤ ਦਾ ਅਸਰ

ਇਕ ਪਿੰਡ ਦੇ ਵਾਸੀਆਂ ਦੁਆਰਾ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨੇ ਦਾ ਨਿਰਾਦਰ ਕੀਤਾ ਗਿਆ, ਭੋਜਨ ਵੀ ਨਾ ਦਿੱਤਾ ਅਤੇ ਪਿੰਡ ਤੋਂ ਬਾਹਰ ਕੱਢ ਦਿੱਤਾ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਵੱਸਦੇ ਰਹੋ"। ਦੂਜੇ ਪਿੰਡ ਦੇ ਵਾਸੀਆਂ ਨੇ ਗੁਰੂ ਜੀ ਅਤੇ ਭਾਈ ਮਰਦਾਨੇ ਦਾ ਬਹੁਤ ਸਤਿਕਾਰ ਕੀਤਾ, ਰਹਿਣ ਲਈ ਜਗ੍ਹਾ ਦਿੱਤੀ ਅਤੇ ਭੋਜਨ ਛਕਾਇਆ, ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਕਿਹਾ, "ਉੱਜੜ ਜਾਓ"। ਇਸ 'ਤੇ ਭਾਈ ਮਰਦਾਨੇ ਦੇ ਹੈਰਾਨੀ ਪ੍ਰਗਟਾਉਣ ਅਤੇ ਪੁੱਛਣ 'ਤੇ ਗੁਰੂ ਜੀ ਨੇ ਕਿਹਾ, "ਮੰਦੇ ਲੋਕ ਹੋਰ ਜਗ੍ਹਾ 'ਤੇ ਜਾ ਕੇ ਦੂਜਿਆਂ 'ਤੇ ਵੀ ਮੰਦਾ ਅਸਰ ਹੀ ਪਾਉਣਗੇ ਅਤੇ ਚੰਗੇ ਲੋਕਾਂ ਦੀ ਸੰਗਤ ਕਰ ਕੇ ਹੋਰ ਲੋਕ ਵੀ ਚੰਗੇ ਹੀ ਬਨਣਗੇ।"

**ਪਹਿਲੀ ਉਦਾਸੀ (1497-1510)** **5**

## ਜਗਨਨਾਥ ਪੁਰੀ (ਓਡੀਸ਼ਾ)

### ਗੁਰਮਤਿ ਮਾਰਗ 'ਤੇ ਚੱਲ ਕੇ ਹੀ ਸੱਚ ਦੀ ਪ੍ਰਾਪਤੀ ਹੋ ਸਕਦੀ ਹੈ।

ਇਕ ਭੇਖੀ ਸਾਧੂ ਤਿੰਨਾਂ ਲੋਕਾਂ ਦੇ ਗਿਆਨ ਹੋਣ ਦਾ ਦਾਅਵਾ ਕਰਦੇ ਹੋਏ ਅੱਖਾਂ ਬੰਦ ਕਰ ਕੇ ਤਪ ਕਰਨ ਦਾ ਪਖੰਡ ਕਰ ਰਿਹਾ ਸੀ। ਗੁਰੂ ਨਾਨਕ ਦੇਵ ਜੀ ਨੇ ਉਸ ਦੇ ਅੱਗੇ ਪਏ ਕਮੰਡਲ ਨੂੰ ਚੁੱਕ ਕੇ ਉਸ ਦੇ ਪਿੱਛੇ ਰਖ ਦਿਤਾ। ਕੁਝ ਦੇਰ ਬਾਦ ਜਦੋਂ ਸਾਧੂ ਨੂੰ ਉਹ ਕਮੰਡਲ ਉੱਥੇ ਪਿਆ ਨਾ ਮਿਲਿਆ ਤਾਂ ਉਸ ਨੇ ਚੋਰੀ ਹੋਣ ਦਾ ਰੌਲ਼ਾ ਪਾ ਦਿਤਾ। ਇਸ ਤਰ੍ਹਾਂ ਗੁਰੂ ਜੀ ਨੇ ਲੋਕਾਂ ਨੂੰ ਇਹ ਦਿਖਾਇਆ ਕਿ ਜਿਸ ਸਾਧੂ ਨੂੰ ਇਕ ਕਮੰਡਲ ਦਾ ਹੀ ਪਤਾ ਨਹੀਂ ਲੱਗਾ ਤਾਂ ਉਸ ਨੂੰ ਤਿੰਨਾਂ ਲੋਕਾਂ ਦਾ ਗਿਆਨ ਕਿਵੇਂ ਹੋ ਸਕਦਾ ਹੈ?

**ਪਹਿਲੀ ਉਦਾਸੀ (1497-1510)** **6**

## ਜਗਨਨਾਥ ਪੁਰੀ (ਓਡੀਸ਼ਾ)

### ਪਰਮਾਤਮਾ ਨਿਰਾਕਾਰ ਹੈ ਅਤੇ ਬ੍ਰਹਮੰਡ ਦੇ ਕਣ-ਕਣ ਵਿਚ ਵਿਰਾਜਮਾਨ ਹੈ।

ਜਗਨਨਾਥ ਮੰਦਰ ਵਿਚ ਪੰਡਤ ਥਾਲ਼ੀ ਵਿੱਚ ਦੀਵੇ, ਧੂਫ, ਫੁੱਲ ਆਦਿ ਰੱਖ ਕੇ ਅਤੇ ਘੰਟੀਆਂ ਬਜਾ ਕੇ ਆਰਤੀ ਕਰ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਆਰਤੀ ਵਿਚ ਸ਼ਾਮਲ ਹੋਣ ਦੀ ਬਜਾਏ ਸਮੁੰਦਰ ਕਿਨਾਰੇ ਜਾ ਕੇ ਬ੍ਰਹਮੰਡ ਦੇ ਕਣ-ਕਣ ਵਿਚ ਵਿਰਾਜਮਾਨ ਪਰਮਾਤਮਾ ਦੀ ਵਿਸ਼ਵ ਆਰਤੀ ਨੂੰ ਉਚਾਰਿਆ। ਪੰਡਤਾਂ ਅਤੇ ਲੋਕਾਈ ਨੂੰ ਇਸ ਵਿਸ਼ਵ ਆਰਤੀ ਨੂੰ ਸਮਝਾਉਣ ਲਈ ਗੁਰੂ ਜੀ ਨੇ ਕਿਹਾ, "ਅਕਾਸ਼ ਦੀ ਥਾਲੀ ਵਿਚ ਸੂਰਜ, ਚੰਦ, ਦੀਵੇ ਹਨ। ਤਾਰੇ ਮੋਤੀ ਹਨ। ਚੰਦਨ ਦੀ ਸੁਗੰਧ ਹੈ। ਹਵਾ ਚੌਰ ਕਰ ਰਹੀ ਹੈ। ਸਾਰੀ ਬਨਸਪਤੀ ਫੁੱਲ ਹੈ ਅਤੇ ਅਨਹਦ ਸ਼ਬਦ ਦੀ ਗੂੰਜ ਨਿਰੰਤਰ ਜਾਰੀ ਹੈ।"

**ਦੂਸਰੀ ਉਦਾਸੀ (1510-1515)** **7**

## ਸਿਰਸਾ (ਹਰਿਆਣਾ)

### ਤੁਸੀਂ ਪ੍ਰਭੂ ਭਗਤੀ ਨਾਲ ਮਨ ਨੂੰ ਕਾਬੂ ਵਿੱਚ ਰੱਖ ਸਕਦੇ ਹੋ।

ਕਈ ਫਕੀਰ 40 ਦਿਨ ਤਕ ਵਰਤ ਰਖ ਕੇ ਅਤੇ ਹਠਯੋਗ ਕਰ ਕੇ ਇਹ ਕਹਿ ਕੇ ਲੋਕਾਂ ਨੂੰ ਡਰਾਉਂਦੇ ਸਨ ਕਿ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਰਿੱਧੀਆਂ ਸਿੱਧੀਆਂ ਅਤੇ ਸ਼ਕਤੀਆਂ ਪ੍ਰਾਪਤ ਹੋ ਗਈਆਂ ਹਨ। ਗੁਰੂ ਨਾਨਕ ਦੇਵ ਜੀ ਦੇ ਸਮਝਾਉਣ 'ਤੇ ਫਕੀਰਾਂ ਨੇ ਗੁਰੂ ਜੀ ਨੂੰ ਵੀ 40 ਦਿਨ ਤਕ ਰੋਜ਼ਾਨਾ ਅਨਾਜ ਦਾ ਇਕ ਦਾਣਾ ਖਾ ਕੇ ਤਪ ਕਰਨ ਦੀ ਚੁਣੌਤੀ ਦਿਤੀ। ਗੁਰੂ ਜੀ ਨੇ 40 ਦਿਨ ਬਿਨਾ ਕੁਝ ਖਾਧੇ ਪਰਮਾਤਮਾ ਵਿੱਚ ਲੀਨ ਰਹਿ ਕੇ ਫਕੀਰਾਂ ਨੂੰ ਇਹ ਸਮਝਾਇਆ ਕਿ ਫਕੀਰਾਂ ਦਾ ਧਿਆਨ ਤਾਂ ਸਿਰਫ ਭੋਜਨ ਵਿੱਚ ਹੀ ਰਹਿੰਦਾ ਸੀ, ਜਿਸ ਕਰਕੇ ਸਰੀਰ ਦੇ ਨੁਕਸਾਨ ਤੋਂ ਬਿਨਾਂ ਉਨ੍ਹਾਂ ਨੂੰ ਕੁਝ ਹਾਸਲ ਨਹੀਂ ਹੋਇਆ। ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਤਾਂ ਸਿਰਫ ਇਕ ਪਖੰਡ ਹੀ ਹੈ।

**ਦੂਸਰੀ ਉਦਾਸੀ (1510-1515)** **8**

## ਬੀਕਾਨੇਰ (ਰਾਜਸਥਾਨ)

### ਹਠਯੋਗ ਅਤੇ ਵਰਤ ਆਦਿ ਦਾ ਧਰਮ ਨਾਲ ਕੋਈ ਵੀ ਸੰਬੰਧ ਨਹੀਂ ਹੈ।

ਜਦੋਂ ਸਾਧੂਆਂ ਨੂੰ ਤਰ੍ਹਾਂ-ਤਰ੍ਹਾਂ ਦੇ ਭੇਖ ਅਤੇ ਪਖੰਡ ਕਰਦੇ ਦੇਖਿਆ ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ, "ਜੋ ਤੁਸੀਂ ਭੇਖ ਧਾਰਦੇ ਹੋ, ਵਰਤ ਅਤੇ ਹੋਰ ਕਿਰਿਆਵਾਂ ਨਾਲ ਸਰੀਰ ਨੂੰ ਕਸ਼ਟ ਦਿੰਦੇ ਹੋ, ਮੌਨ ਵਰਤ ਰੱਖਦੇ ਹੋ, ਵਸਤਰ ਧਾਰਣ ਨਹੀਂ ਕਰਦੇ, ਨੰਗੇ ਪੈਰੀਂ ਚੱਲਦੇ ਹੋ, ਜੂਠਨ ਖਾਂਦੇ ਹੋ, ਇਸ਼ਨਾਨ ਨਾ ਕਰਨ ਕਰ ਕੇ ਮਲੀਨ ਰਹਿੰਦੇ ਹੋ, ਇਨ੍ਹਾਂ ਸਾਰੀਆਂ ਕਿਰਿਆਵਾਂ ਦਾ ਧਰਮ ਨਾਲ ਕੋਈ ਵੀ ਸੰਬੰਧ ਨਹੀਂ ਹੈ। ਸਮਾਜ ਵਿੱਚ ਰਹਿ ਕੇ ਗ੍ਰਹਿਸਥ ਜੀਵਨ ਬਤੀਤ ਕਰ ਕੇ ਸ਼ੁਭ ਕਰਮ ਕਰੋ ਅਤੇ ਦੂਜਿਆਂ ਲਈ ਇਕ ਚੰਗੀ ਮਿਸਾਲ ਪੇਸ਼ ਕਰੋ। ਭੇਖ ਧਾਰ ਕੇ, ਵਰਤ ਆਦਿ ਨਾਲ ਸਰੀਰ ਨੂੰ ਕਸ਼ਟ ਦੇ ਕੇ ਅਤੇ ਮੌਨ ਰਹਿਣ ਨਾਲ ਆਤਮਕ ਪ੍ਰਾਪਤੀ ਨਹੀਂ ਹੋ ਸਕਦੀ।"

**ਦੂਸਰੀ ਉਦਾਸੀ (1510-1515)** **9**

## ਮੱਧ ਭਾਰਤ

### ਕਿਰਤ ਕਰੋ

ਜੰਗਲ ਵਿੱਚ ਰਹਿੰਦਾ ਕੌਡਾ ਰਾਖਸ਼ ਖੇਤੀ-ਬਾੜੀ ਜਾਂ ਕੋਈ ਹੋਰ ਕੰਮ-ਕਾਰ ਕਰਨ ਦੀ ਬਜਾਏ ਇਕੱਲੇ ਰਾਹੀਆਂ ਨੂੰ ਮਾਰ ਕੇ ਖਾ ਜਾਂਦਾ ਸੀ। ਉਸ ਨੇ ਭਾਈ ਮਰਦਾਨੇ ਨੂੰ ਖਾਣ ਲਈ ਬੰਦੀ ਬਣਾ ਲਿਆ। ਜਦੋਂ ਗੁਰੂ ਨਾਨਕ ਦੇਵ ਜੀ ਜੰਗਲ ਵਿੱਚ ਮਰਦਾਨੇ ਦੀ ਭਾਲ ਵਿੱਚ ਪਹੁੰਚੇ ਤਾਂ ਗੁਰੂ ਜੀ ਦੇ ਰੱਬੀ ਨੂਰ ਨੂੰ ਦੇਖ ਕੇ ਕੌਡਾ ਗੁਰੂ ਜੀ ਦੇ ਚਰਨੀਂ ਪੈ ਗਿਆ। ਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿੱਤਾ, "ਲੋਕਾਂ ਨੂੰ ਲੁੱਟਣਾ ਅਤੇ ਮਾਰਨਾ ਛੱਡ ਕੇ ਕਿਰਤ ਕਮਾਈ ਕਰਿਆ ਕਰ ਅਤੇ ਉਸ ਵਿੱਚੋਂ ਜ਼ਰੂਰਤਮੰਦਾਂ ਦੀ ਮਦਦ ਵੀ ਕਰਿਆ ਕਰ। ਰੱਬ ਦਾ ਨਾਮ ਜਪਿਆ ਕਰ ਅਤੇ ਲੋਕਾਂ ਦੀ ਭਲਾਈ ਲਈ ਕੰਮ ਕਰਿਆ ਕਰ।"

**ਦੂਸਰੀ ਉਦਾਸੀ (1510-1515)** **10**

## ਸੋਮਨਾਥ (ਗੁਜਰਾਤ)

### ਸਭ ਵਿੱਚ ਇਕ, ਇਕ ਵਿੱਚ ਸਭ

ਪੰਡਤ ਅਤੇ ਹੋਰ ਲੋਕ ਪੱਥਰ ਦੇ ਬਣੇ ਸ਼ਿਵਲਿੰਗ ਦੀ ਪੂਜਾ ਕਰ ਰਹੇ ਸਨ, ਤਾਂ ਕਿ ਉਨ੍ਹਾਂ ਦੀਆਂ ਦੁਨਿਆਵੀ ਇੱਛਾਵਾਂ ਪੂਰੀਆਂ ਹੋ ਜਾਣ। ਉਹ ਹੋਰ ਵੀ ਕਈ ਵਹਿਮਾਂ-ਭਰਮਾਂ ਅਤੇ ਜਾਤ-ਪਾਤ ਆਦਿ ਵਿੱਚ ਫਸੇ ਹੋਏ ਸਨ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਸਮਝਾਇਆ, "ਇਨਸਾਨ ਦੁਆਰਾ ਪੱਥਰ ਤੋਂ ਘੜੇ ਇਸ ਸ਼ਿਵਲਿੰਗ ਦੀ ਬਜਾਏ ਇਕ ਓਂਕਾਰ ਦੀ ਪੂਜਾ ਕਰੋ, ਜਿਸ ਦੇ ਹੁਕਮ ਅਨੁਸਾਰ ਇਹ ਸਾਰਾ ਬ੍ਰਹਮੰਡ ਬਣਿਆ ਹੈ ਅਤੇ ਉਹ ਹੀ ਇਸ ਨੂੰ ਚਲਾਉਣ ਵਾਲਾ ਹੈ । ਵਹਿਮਾਂ-ਭਰਮਾਂ ਅਤੇ ਜਾਤ-ਪਾਤ ਵਿੱਚ ਵਿਸ਼ਵਾਸ ਕਰਨਾ ਛੱਡ ਦਿਓ। ਪਰਮਾਤਮਾ ਦੁਆਰਾ ਬਣਾਏ ਸਾਰੇ ਇਨਸਾਨ ਇਕ ਬਰਾਬਰ ਹਨ। ਸਾਰੇ ਭੇਦ-ਭਾਵ ਭੁਲਾ ਕੇ ਪ੍ਰੇਮ ਪਿਆਰ ਨਾਲ ਰਹੋ।"

**ਦੂਸਰੀ ਉਦਾਸੀ (1510-1515)** **11**

## ਸੰਗਲਾਦੀਪ (ਸ੍ਰੀ ਲੰਕਾ)

### ਸਰਗੁਣ ਅਤੇ ਨਿਰਗੁਣ ਦਾ ਉਪਦੇਸ਼

ਜਦੋਂ ਗੁਰੂ ਨਾਨਕ ਦੇਵ ਜੀ ਸੰਗਲਾਦੀਪ ਤੋਂ ਚੱਲਣ ਲੱਗੇ ਤਾਂ ਰਾਜਾ ਸ਼ਿਵਨਾਭ ਨੇ ਕਿਹਾ, "ਗੁਰੂ ਜੀ! ਜਦੋਂ ਤੁਸੀਂ ਇੱਥੋਂ ਚਲੇ ਜਾਓਗੇ ਤਾਂ ਮੈਂ ਤੁਹਾਡੇ ਦਰਸ਼ਨ ਕਿਵੇਂ ਕਰਾਂਗਾ?" ਗੁਰੂ ਜੀ ਨੇ ਉਸ ਸਮੇਂ ਰਾਜੇ ਨੂੰ ਸਰਗੁਣ ਅਤੇ ਨਿਰਗੁਣ ਦਾ ਉਪਦੇਸ਼ ਦਿੰਦਿਆਂ ਕਿਹਾ, "ਮੇਰਾ ਇਹ ਸਰੀਰ ਤਾਂ ਸਰਗੁਣ ਸਰੂਪ ਹੈ। ਇਸ ਨੂੰ ਤਾਂ ਤੁਸੀਂ ਓਨੀ ਦੇਰ ਹੀ ਦੇਖ ਸਕਦੇ ਹੋ, ਜਦ ਤਕ ਮੈਂ ਤੁਹਾਡੇ ਕੋਲ ਹਾਂ। ਨਾਮ ਸਿਮਰਨ ਕਰ ਕੇ 'ਸ਼ਬਦ ਗੁਰੂ' ਦੇ ਉਪਦੇਸ਼ ਨੂੰ ਆਪਣੇ ਜੀਵਨ ਵਿੱਚ ਢਾਲ ਕੇ ਅਤੇ ਲੋਕ ਭਲਾਈ ਲਈ ਸ਼ੁਭ ਕਰਮ ਕਰ ਕੇ ਤੁਸੀਂ ਨਿਰਗੁਣ ਸਰੂਪ ਪਰਮਾਤਮਾ ਦੇ ਦਰਸ਼ਨ 'ਸ਼ਬਦ ਗੁਰੂ' ਰਾਹੀਂ ਕਰਿਆ ਕਰੋ।"

**ਦੂਸਰੀ ਉਦਾਸੀ (1510-1515)** **12**

## ਬਿਦਰ (ਕਰਨਾਟਕ)

### ਮਨੁੱਖਤਾ ਦੀ ਸੇਵਾ ਹੀ ਪਰਮਾਤਮਾ ਦੀ ਸੇਵਾ ਹੈ

ਗੁਰੂ ਨਾਨਕ ਦੇਵ ਜੀ ਨੇ ਜਦੋਂ ਬਿਦਰ ਦੇ ਬਾਹਰੋਂ-ਬਾਹਰ ਟਿਕਾਣਾ ਕੀਤਾ ਤਾਂ ਕਈ ਪੀਰ ਫਕੀਰ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਏ ਅਤੇ ਅਰਦਾਸ ਕੀਤੀ ਕਿ ਪਾਣੀ ਦੀ ਘਾਟ ਕਰਕੇ ਤ੍ਰਾਹੀ ਤ੍ਰਾਹੀ ਕਰਦੇ ਲੋਕਾਂ ਦਾ ਉਧਾਰ ਕਰੋ। ਗੁਰੂ ਜੀ ਨੇ ਕਿਹਾ, "ਪੀਰ ਜੀ, ਸਭ ਕਰਤਾਰ ਦੇ ਰੰਗ ਹਨ । ਰੱਬ ਦਾ ਨਾਮ ਸਿਮਰਨ ਕਰੋ।" ਗੁਰੂ ਜੀ ਦੁਆਰਾ ਇਕ ਪੱਥਰ ਹਟਾਉਂਦੇ ਹੀ ਉੱਥੋਂ ਠੰਡੇ ਮਿੱਠੇ ਪਾਣੀ ਦਾ ਚਸ਼ਮਾ ਫੁੱਟ ਪਿਆ, ਜੋ ਅੱਜ ਵੀ ਸਥਾਨਕ ਲੋਕਾਂ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰ ਰਿਹਾ ਹੈ।

**ਤੀਸਰੀ ਉਦਾਸੀ (1516-1518)** **13**

## ਮੱਟਨ (ਕਸ਼ਮੀਰ)

### ਕਿਤਾਬੀ ਗਿਆਨ ਹਉਮੈ ਵਧਾਉਂਦਾ ਹੈ।

ਪੰਡਤ ਬ੍ਰਹਮਦਾਸ ਹਮੇਸ਼ਾਂ ਆਪਣੇ ਨਾਲ ਉਠਾਂ 'ਤੇ ਗ੍ਰੰਥਾਂ ਨੂੰ ਲੱਦ ਕੇ ਚਲਦਾ ਸੀ ਕਿਉਂਕਿ ਉਸ ਨੂੰ ਗ੍ਰੰਥਾਂ ਦੀ ਪੜ੍ਹਾਈ ਕਰਨ ਦਾ ਬਹੁਤ ਘਮੰਡ ਸੀ। ਇਸੇ ਕਰਕੇ ਜਦੋਂ ਉਸ ਦੀ ਮੁਲਾਕਾਤ ਗੁਰੂ ਨਾਨਕ ਦੇਵ ਜੀ ਨਾਲ ਹੋਈ ਤਾਂ ਉਹ ਵਾਦ-ਵਿਵਾਦ ਵਿੱਚ ਪੈ ਗਿਆ। ਗੁਰੂ ਜੀ ਨੇ ਉਸ ਨੂੰ ਸਮਝਾਇਆ, "ਤੁਸੀਂ ਇਨ੍ਹਾਂ ਗ੍ਰੰਥਾਂ ਦੇ ਗਿਆਨ ਨੂੰ ਹਿਰਦੇ ਵਿੱਚ ਵਸਾਓ, ਨਹੀਂ ਤਾਂ ਇਹ ਸਾਰੀ ਪੜ੍ਹਾਈ ਤੁਹਾਨੂੰ ਹਉਮੈ ਅਧੀਨ ਕਰ ਕੇ ਤੁਹਾਡਾ ਜੀਵਨ ਅਕਾਰਥ ਕਰ ਦੇਵੇਗੀ।" ਇਹ ਸੁਣ ਕੇ ਪੰਡਤ ਬ੍ਰਹਮਦਾਸ ਨੇ ਗੁਰੂ ਜੀ ਦਾ ਉਪਦੇਸ਼ ਮੰਨਦੇ ਹੋਏ ਪ੍ਰਭੂ ਸਿਮਰਨ ਅਤੇ ਮਨੁੱਖਤਾ ਦੀ ਨਿਸ਼ਕਾਮ ਸੇਵਾ ਕਰਦੇ ਹੋਏ ਜੀਵਨ ਬਤੀਤ ਕੀਤਾ।

**ਤੀਸਰੀ ਉਦਾਸੀ (1516-1518)** **14**

## ਕਾਠਮੰਡੂ (ਨੇਪਾਲ)

### ਲੋਕਾਈ ਨੂੰ ਬ੍ਰਹਮ ਗਿਆਨ ਰਾਹੀਂ ਸੱਚੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰੋ ।

ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨਾਲ ਮੁਲਾਕਾਤ ਹੋਣ 'ਤੇ ਕਿਹਾ, "ਅਸੀਂ ਹਠ, ਜਪ, ਤਪ, ਵਰਤ ਆਦਿ ਕਰ ਕੇ ਰਿੱਧੀਆਂ ਸਿੱਧੀਆਂ ਪ੍ਰਾਪਤ ਕੀਤੀਆਂ ਹੋਈਆਂ ਹਨ। ਤੁਹਾਡੇ ਕੋਲ ਕੀ ਰਿੱਧੀਆਂ ਸਿੱਧੀਆਂ ਹਨ? ਗੁਰੂ ਜੀ ਨੇ ਸਿੱਧਾਂ ਨੂੰ ਉਪਦੇਸ਼ ਦਿੱਤਾ, "ਹਠਯੋਗ ਅਤੇ ਵਰਤ ਆਦਿ ਨਾਲ ਸ਼ਰੀਰ ਨੂੰ ਸਿਰਫ ਨੁਕਸਾਨ ਹੀ ਹੁੰਦਾ ਹੈ। ਇਹ ਸਭ ਛੱਡ ਕੇ ਪ੍ਰਭੂ ਨਾਮ ਦਾ ਸਤਿਸੰਗ ਕਰੋ ਅਤੇ ਲੋਕਾਈ ਨੂੰ ਬ੍ਰਹਮ ਗਿਆਨ ਦੇ ਕੇ ਸੱਚੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰੋ।"

**ਤੀਸਰੀ ਉਦਾਸੀ (1516-1518)** **15**

## ਕੈਲਾਸ਼ ਪਰਬਤ (ਤਿੱਬਤ)

### ਅਧਿਆਤਮਕ ਗਿਆਨ ਨਾਲ ਹੀ ਸੱਚਾ ਗਿਆਨ ਅਤੇ ਮੁਕਤੀ ਮਿਲਦੀ ਹੈ।

ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ, "ਅਸੀਂ ਦੁਨਿਆਵੀ ਜੀਵਨ ਛੱਡ ਕੇ ਅਤੇ ਪਹਾੜਾਂ ਵਿੱਚ ਰਹਿ ਕੇ ਮੋਹ ਮਾਇਆ ਤੋਂ ਬਚ ਕੇ ਮੁਕਤੀ ਪ੍ਰਾਪਤ ਕਰ ਲਵਾਂਗੇ। ਅਸੀਂ ਰਿੱਧੀਆਂ ਸਿੱਧੀਆਂ ਵੀ ਹਾਸਲ ਕਰ ਲਈਆਂ ਹਨ।" ਤਾਂ ਗੁਰੂ ਜੀ ਨੇ ਕਿਹਾ, "ਤੁਸੀਂ ਰਾਜ ਤਿਆਗਿਆ, ਘਰ ਛੱਡਿਆ, ਪਰ ਹਾਲੇ ਤਕ ਹਉਮੈ ਨਹੀ ਗਈ। ਸੱਚ ਦੇ ਗਿਆਨ ਨਾਲ ਕਾਮ ਵੱਸ ਵਿੱਚ ਹੋ ਜਾਂਦਾ ਹੈ, ਪਰਮਾਤਮਾ ਦੇ ਗੁਣ ਗਾਉਣ ਨਾਲ ਮਾਇਆ ਦਾ ਮੋਹ ਜਾਂਦਾ ਹੈ, ਮਨ ਸ਼ਾਂਤ ਹੋ ਜਾਂਦਾ ਹੈ ਤੇ ਕ੍ਰੋਧ ਖਤਮ ਹੋ ਜਾਂਦਾ ਹੈ, ਸਤਿਸੰਗਤ ਨਾਲ ਲੋਭ ਵੀ ਸਾਥ ਛੱਡ ਜਾਂਦਾ ਹੈ। ਜੇ ਤੁਸੀਂ ਸਾਰੇ ਗਿਆਨੀ ਪੁਰਖ ਆਪਣੀ ਜਿੰਮੇਵਾਰੀ ਤੋਂ ਦੂਰ ਭਜ ਕੇ ਪਹਾੜਾਂ ਵਿੱਚ ਰਹੋਗੇ ਤਾਂ ਲੁਕਾਈ ਨੂੰ ਸੇਧ ਕੌਣ ਦੇਵੇਗਾ?"

**ਤੀਸਰੀ ਉਦਾਸੀ (1516-1518)** **16**

## ਲੇਹ ਲੱਦਾਖ (ਭਾਰਤ)

### ਨਿਸ਼ਕਾਮ ਸੇਵਾ ਦਾ ਉਪਦੇਸ਼

ਇਲਾਕੇ ਦੇ ਲੋਕ ਜਦੋਂ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਸੁਣਨ ਲਈ ਆਉਣ ਲੱਗੇ ਤਾਂ ਇਕ ਰਾਖਸ਼ ਨੂੰ ਬਹੁਤ ਕ੍ਰੋਧ ਆਇਆ, ਕਿਉਂਕਿ ਉਸ ਨੂੰ ਆਪਣੀ ਤਾਕਤ 'ਤੇ ਬਹੁਤ ਘਮੰਡ ਸੀ। ਇਕ ਦਿਨ ਉਸ ਨੇ ਇਕ ਬਹੁਤ ਵੱਡੀ ਚੱਟਾਨ ਨੂੰ ਧੱਕਾ ਦੇ ਕੇ ਗੁਰੂ ਜੀ ਵੱਲ ਸੁੱਟ ਦਿੱਤਾ, ਪਰ ਉਹ ਚੱਟਾਨ ਗੁਰੂ ਜੀ ਦੇ ਸਰੀਰ ਨਾਲ ਲਗ ਕੇ ਮੋਮ ਦੀ ਤਰ੍ਹਾਂ ਬਣ ਗਈ ਅਤੇ ਉਸ ਵਿੱਚ ਗੁਰੂ ਜੀ ਦੇ ਸਰੀਰ ਦਾ ਨਿਸ਼ਾਨ ਬਣ ਗਿਆ। ਇਹ ਦੇਖ ਕੇ ਰਾਖਸ਼ ਗੁਰੂ ਜੀ ਦੇ ਚਰਨੀਂ ਢਹਿ ਪਿਆ।

**ਤੀਸਰੀ ਉਦਾਸੀ (1516-1518)** **17**

## ਗੁਰੂਡੌਂਗਮਾਰ (ਸਿੱਕਮ)

### ਪਰਮਾਤਮਾ ਸਭ ਦੀ ਅਰਦਾਸ ਸੁਣਦਾ ਹੈ।

ਲਾਮਿਆਂ ਨੇ ਗੁਰੂ ਨਾਨਕ ਦੇਵ ਜੀ ਅੱਗੇ ਅਰਦਾਸ ਕੀਤੀ, "ਐਨੀ ਵੱਡੀ ਝੀਲ ਦੇ ਹੋਣ ਦੇ ਬਾਵਜ਼ੂਦ ਸਾਨੂੰ ਪੀਣ ਦੇ ਪਾਣੀ ਦੀ ਕਿੱਲਤ ਹੈ, ਕਿਉਂਕਿ ਬਰਫੀਲਾ ਇਲਾਕਾ ਹੋਣ ਕਾਰਣ ਇਹ ਹਮੇਸ਼ਾਂ ਜੰਮੀ ਰਹਿੰਦੀ ਹੈ।" ਗੁਰੂ ਜੀ ਨੇ 'ਸਤਿ ਕਰਤਾਰ' ਦਾ ਉਚਾਰਣ ਕਰਦੇ ਹੋਏ ਡਾਂਗ ਨਾਲ ਉਸ ਬਰਫੀਲੀ ਝੀਲ ਨੂੰ ਛੋਹਿਆ ਤਾਂ ਉਹ ਪਾਣੀ ਬਣ ਗਈ।

**ਤੀਸਰੀ ਉਦਾਸੀ (1516-1518)** **18**

## ਸਿਆਲਕੋਟ (ਪਾਕਿਸਤਾਨ)

### ਬਿਨਾ ਕਿਸੇ ਡਰ ਤੋਂ ਸੱਚ ਬੋਲੋ।

ਗੁਰੂ ਨਾਨਕ ਦੇਵ ਜੀ ਦੁਆਰਾ ਸ਼ਹਿਰ ਵਿੱਚ ਭੇਜੇ ਜਾਣ 'ਤੇ ਭਾਈ ਮਰਦਾਨੇ ਨੇ ਕਈ ਦੁਕਾਨਦਾਰਾਂ ਨੂੰ ਪੁੱਛਿਆ, "ਮੇਰੇ ਮਾਲਿਕ ਨੇ ਇੱਕ ਪੈਸੇ ਦਾ ਸੱਚ ਅਤੇ ਇੱਕ ਪੈਸੇ ਦਾ ਝੂਠ ਖਰੀਦਣ ਲਈ ਕਿਹਾ ਹੈ।" ਕੁਝ ਨੇ ਸੋਚਿਆ ਕਿ ਉਹ ਪਾਗਲ ਹੈ ਜਾਂ ਫਿਰ ਉਨ੍ਹਾਂ ਨਾਲ ਮਜ਼ਾਕ ਕਰ ਰਿਹਾ ਹੈ। ਪਰ ਮੂਲਾ ਖੱਤਰੀ ਨੇ ਕਿਹਾ, "ਆਪਣੇ ਮਾਲਿਕ ਨੂੰ ਕਹਿ ਦੇ ਕਿ ਜੀਵਨ ਇਕ ਝੂਠ ਹੈ ਅਤੇ ਮੌਤ ਇਕ ਸੱਚ ਹੈ।" ਜਦੋਂ ਭਾਈ ਮਰਦਾਨੇ ਨੇ ਗੁਰੂ ਜੀ ਨੂੰ ਇਹ ਦੱਸਿਆ ਤਾਂ ਉਨ੍ਹਾਂ ਨੇ ਕਿਹਾ, "ਲਗਦਾ ਹੈ ਇਸ ਨੂੰ ਜੀਵਨ ਦੀ ਸੱਚਾਈ ਦਾ ਗਿਆਨ ਹੈ।" ਫਿਰ ਗੁਰੂ ਜੀ ਦੇ ਕਹਿਣ 'ਤੇ ਮੂਲਾ ਖੱਤਰੀ ਉਨ੍ਹਾਂ ਨਾਲ ਯਾਤਰਾਵਾਂ 'ਤੇ ਚੱਲ ਪਿਆ ਪਰ ਦੁਨਿਆਵੀ ਮੋਹ ਮਾਇਆ ਦੇ ਕਾਰਣ ਛੇਤੀ ਹੀ ਘਰ ਵਾਪਿਸ ਆ ਗਿਆ। ਕੁਝ ਸਮੇਂ ਬਾਅਦ ਜਦੋਂ ਗੁਰੂ ਜੀ ਉਸ ਨੂੰ ਮਿਲਣ ਗਏ ਤਾਂ ਉਸ ਦੀ ਪਤਨੀ ਨੇ ਝੂਠ ਬੋਲਿਆ ਕਿ ਉਹ ਘਰ ਨਹੀਂ ਹੈ। ਗੁਰੂ ਜੀ ਨੇ ਕਿਹਾ, "ਇਸ ਵਿਅਕਤੀ ਨੇ ਜੀਵਨ ਦੀ ਸੱਚਾਈ ਦਾ ਗਿਆਨ ਹੋਣ ਦਾ ਪਖੰਡ ਕੀਤਾ ਸੀ, ਪਰ ਇਹ ਤਾਂ ਝੂਠਾ ਸੀ। ਚਲੋ, ਇਸੇ ਤਰ੍ਹਾਂ ਸਹੀ। ਮੌਤ ਤੋਂ ਕੌਣ ਬਚ ਸਕਦਾ ਹੈ?"

**ਚੌਥੀ ਉਦਾਸੀ (1518-1522)** **19**

## ਮੱਕਾ (ਸਾਊਦੀ ਅਰਬ)

### ਪਰਮਾਤਮਾ ਸਰਬ-ਵਿਆਪਕ ਹੈ।

ਜਦੋਂ ਗੁਰੂ ਨਾਨਕ ਦੇਵ ਜੀ ਮੱਕਾ ਸ਼ਹਿਰ ਵਿੱਚ ਗਏ ਤਾਂ ਸੌਣ ਵੇਲੇ ਉਨ੍ਹਾਂ ਦੇ ਪੈਰ ਕਾਬੇ ਵੱਲ ਨੂੰ ਸਨ। ਕਾਜ਼ੀ ਨੇ ਗੁੱਸੇ ਵਿੱਚ ਕਿਹਾ, "ਤੂੰ ਕਾਬੇ ਵਲ ਪੈਰ ਕਰ ਕੇ ਕਿਉਂ ਸੌਂ ਰਿਹਾ ਹੈ? ਤੈਨੂੰ ਪਤਾ ਨਹੀਂ ਕਿ ਇਹ ਖੁਦਾ ਦਾ ਘਰ ਹੈ?" ਗੁਰੂ ਜੀ ਨੇ ਨਿਮਰਤਾ ਨਾਲ ਕਿਹਾ, "ਗੁੱਸਾ ਨਾ ਕਰੋ। ਤੁਸੀਂ ਮੇਰੇ ਪੈਰ ਓਧਰ ਕਰ ਦਿਓ, ਜਿੱਧਰ ਖੁਦਾ ਨਹੀ ਰਹਿੰਦਾ।" ਚਾਰੋਂ ਦਿਸ਼ਾਵਾਂ ਵਿੱਚ ਗੁਰੂ ਜੀ ਦੇ ਪੈਰ ਕਰਨ 'ਤੇ ਕਾਜ਼ੀ ਨੂੰ ਹਰ ਪਾਸੇ ਖੁਦਾ ਨਜ਼ਰ ਆਉਂਦਾ ਹੈ। ਗੁਰੂ ਜੀ ਉਸ ਨੂੰ ਉਪਦੇਸ਼ ਦਿੰਦੇ ਹਨ, "ਖੁਦਾ ਬ੍ਰਹਮੰਡ ਦੇ ਕਣ-ਕਣ ਵਿੱਚ ਹੈ, ਨਾ ਕਿ ਕਿਸੇ ਖਾਸ ਜਗ੍ਹਾ ਜਾਂ ਖਾਸ ਦਿਸ਼ਾ ਵਿੱਚ। ਚੰਗੇ ਕਰਮ ਕਰੋ ਅਤੇ ਖੁਦਾ ਨੂੰ ਹਰ ਇਨਸਾਨ ਵਿੱਚ ਦੇਖੋ।"

**ਚੌਥੀ ਉਦਾਸੀ (1518-1522)** **20**

## ਮੱਕਾ (ਸਾਊਦੀ ਅਰਬ)

### ਸੁਭਿ ਅਮਲਾ ਬਾਝਹੁ ਦੋਨੋ ਰੋਈ

ਕਾਜ਼ੀਆਂ ਨੇ ਗੁਰੂ ਨਾਨਕ ਦੇਵ ਜੀ ਕੋਲੋਂ ਪੁੱਛਿਆ, "ਜੰਨਤ ਵਿੱਚ ਹਿੰਦੂ ਜਾਵੇਗਾ ਜਾਂ ਮੁਸਲਮਾਨ?" ਗੁਰੂ ਜੀ ਨੇ ਕਹਾ, "ਜਿਸ ਨੇ ਵੀ ਖੁਦਾ ਨੂੰ ਇਸੇ ਜੀਵਨ ਵਿੱਚ ਪਾ ਲਿਆ, ਉਸ ਲਈ ਇਹ ਜੀਵਨ ਹੀ ਜੰਨਤ ਹੈ।" ਕਾਜ਼ੀਆਂ ਨੇ ਹੋਰ ਪੁੱਛਿਆ, "ਤੁਹਾਡੀ ਨਜ਼ਰ ਵਿੱਚ ਹਿੰਦੂ ਵੱਡਾ ਹੈ ਜਾਂ ਮੁਸਲਮਾਨ?" ਗੁਰੂ ਜੀ ਨੇ ਫੁਰਮਾਇਆ, "ਇਨਸਾਨ ਕਿਸੇ ਵੀ ਧਰਮ ਨੂੰ ਮੰਨਦਾ ਹੋਵੇ, ਸਾਰਿਆਂ ਨੂੰ ਕਰਮਾਂ ਦਾ ਲੇਖਾ ਦੇਣਾ ਹੀ ਪੈਂਦਾ ਹੈ। ਸ਼ੁਭ ਕਰਮਾਂ ਤੋਂ ਬਿਨਾ ਹਰੇਕ ਨੂੰ ਅੰਤ ਵਿੱਚ ਪਛਤਾਉਣਾ ਪਵੇਗਾ।"

**ਚੌਥੀ ਉਦਾਸੀ (1518-1522)** **21**

## ਬਗਦਾਦ (ਇਰਾਕ)

### ਪਰਮਾਤਮਾ ਦਾ ਬ੍ਰਹਮੰਡ ਦੇ ਕਣ ਕਣ ਵਿੱਚ ਨਿਵਾਸ ਹੈ।

ਪੀਰ ਬਹਿਲੋਲ ਦੇ ਮਨ ਵਿੱਚ ਖੁਦਾ ਬਾਰੇ ਬਹੁਤ ਹੀ ਪ੍ਰਸ਼ਨ ਹੋਣ ਕਰਕੇ ਉਹ ਬਹੁਤ ਪਰੇਸ਼ਾਨ ਰਹਿੰਦਾ ਸੀ। ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ, "ਅਗਰ ਖੁਦਾ ਨੇ ਬ੍ਰਹਮੰਡ ਨੂੰ ਬਣਾਇਆ ਹੈ ਤਾਂ ਖੁਦਾ ਨੂੰ ਕਿਸ ਨੇ ਬਣਾਇਆ ਹੈ?" ਗੁਰੂ ਜੀ ਨੇ ਦੱਸਿਆ, "ਇਕ ਖੁਦਾ ਤੋਂ ਪਹਿਲਾਂ ਕੁਝ ਵੀ ਨਹੀਂ ਸੀ। ਖੁਦਾ ਹੀ ਆਪਣੇ ਆਪ ਨੂੰ ਬਣਾਉਣ ਵਾਲਾ ਹੈ।" ਪੀਰ ਨੇ ਫਿਰ ਪੁੱਛਿਆ, "ਖੁਦਾ ਰਹਿੰਦਾ ਕਿਥੇ ਹੈ? ਮੇਰੇ ਧਰਮ ਦੇ ਮੁਤਾਬਕ ਤਾਂ ਖੁਦਾ ਸੱਤਵੇਂ ਅਸਮਾਨ 'ਤੇ ਰਹਿੰਦਾ ਹੈ।" ਗੁਰੂ ਜੀ ਨੇ ਜਵਾਬ ਦਿੱਤਾ, "ਖੁਦਾ ਬ੍ਰਹਮੰਡ ਦੇ ਕਣ ਕਣ ਵਿੱਚ ਰਹਿੰਦਾ ਹੈ, ਜਿਵੇਂ ਮੱਖਣ ਦੁੱਧ ਦੇ ਕਣ ਕਣ ਵਿੱਚ ਹੁੰਦੇ ਹੋਏ ਵੀ ਸਾਨੂੰ ਨਜ਼ਰ ਨਹੀਂ ਆਉਂਦਾ। ਪਰਮਾਤਮਾ ਨੇ ਗਿਣਤੀ ਦੇ ਸੱਤ ਅਕਾਸ਼ ਪਤਾਲ ਨਹੀਂ, ਬਲਕਿ ਅਣਗਿਣਤ ਅਕਾਸ਼ ਤੇ ਪਤਾਲ ਰਚੇ ਹਨ।" ਪੀਰ ਨੇ ਆਪਣਾ ਅਖੀਰਲਾ ਪ੍ਰਸ਼ਨ ਕੀਤਾ, "ਖੁਦਾ ਕਰਦਾ ਕੀ ਹੈ?" ਪੀਰ ਨੂੰ ਅਖੀਰਲੇ ਪ੍ਰਸ਼ਨ ਦਾ ਉੱਤਰ ਦੇਣ ਲਈ ਗੁਰੂ ਜੀ ਨੇ ਪੀਰ ਨੂੰ ਥੱਲੇ ਖੜ੍ਹਾ ਹੋਣ ਲਈ ਕਿਹਾ ਅਤੇ ਆਪ ਉਸ ਦੇ ਤਖਤ 'ਤੇ ਬੈਠ ਗਏ। ਫਿਰ ਗੁਰੂ ਜੀ ਨੇ ਕਿਹਾ, "ਖੁਦਾ ਇਕ ਪਲ ਵਿੱਚ ਰਾਜੇ ਨੂੰ ਫਕੀਰ ਤੇ ਫਕੀਰ ਨੂੰ ਰਾਜਾ ਬਣਾ ਸਕਦਾ ਹੈ।"

**ਚੌਥੀ ਉਦਾਸੀ (1518-1522)** **22**

## ਕਾਇਰੋ (ਮਿਸਰ)

### ਦੁਨਿਆਵੀ ਦੌਲਤ ਸਿਰਫ ਇਕ ਭਰਮ ਭੁਲੇਖਾ ਹੈ।

ਜਦੋਂ ਗੁਰੂ ਨਾਨਕ ਦੇਵ ਜੀ ਨੇ ਅਤਿਆਚਾਰੀ, ਲਾਲਚੀ ਅਤੇ ਕੰਜੂਸ ਰਾਜੇ ਕਾਰੂੰ ਹਮੀਦ ਦੇ ਮਹਿਲ ਦੇ ਸਾਹਮਣੇ ਠੀਕਰੀਆਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਰਾਜੇ ਦੇ ਹੈਰਾਨੀ ਪ੍ਰਗਟਾਉਣ ਤੇ ਪੁੱਛਣ 'ਤੇ ਕਿਹਾ, "ਇਹ ਠੀਕਰੀਆਂ ਮੈਂ ਪਰਲੋਕ ਵਿੱਚ ਲੈ ਜਾਵਾਂਗਾ।" ਰਾਜਾ ਬੋਲਿਆ, "ਇਹ ਕਿਵੇਂ ਸੰਭਵ ਹੈ? ਮੌਤ ਤੋਂ ਬਾਅਦ ਤਾਂ ਸਭ ਕੁਝ ਇੱਥੇ ਹੀ ਰਹਿ ਜਾਂਦਾ ਹੈ।" ਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿੱਤਾ, "ਤਾਂ ਫਿਰ ਐਨੇ ਇਕੱਠੇ ਕੀਤੇ ਦੌਲਤ ਦੇ ਢੇਰ ਦਾ ਕੀ ਕਰੋਗੇ? ਇਸ ਨੂੰ ਆਪਣੀ ਪਰਜਾ ਦੀ ਭਲਾਈ ਲਈ ਖਰਚ ਕਰੋ। ਰੱਬ ਨੂੰ ਹਮੇਸ਼ਾਂ ਯਾਦ ਰੱਖੋ ਅਤੇ ਮੁਕਤੀ ਪ੍ਰਾਪਤ ਕਰਨ ਲਈ ਚੰਗੇ ਕਰਮ ਕਰੋ।"

**ਚੌਥੀ ਉਦਾਸੀ (1518-1522)** **23**

## ਹਸਨ ਅਬਦਾਲ (ਪਾਕਿਸਤਾਨ)

### ਨਫਰਤ ਕਰਨ ਨਾਲ਼ ਗਲਤ ਵਿਚਾਰਾਂ ਅਤੇ ਕਰਮਾਂ ਰਾਹੀਂ ਦੁੱਖ ਸਹਿਣੇ ਪੈਂਦੇ ਹਨ।

ਵਲੀ ਕੰਧਾਰੀ ਪਹਾੜੀ 'ਤੇ ਰਹਿੰਦਾ ਸੀ ਅਤੇ ਪਾਣੀ ਦਾ ਇਕ ਚਸ਼ਮਾ ਉਸ ਦੇ ਕਬਜੇ ਵਿੱਚ ਸੀ। ਉਹ ਲੋਕਾਂ ਨੂੰ ਪ੍ਰਭਾਵਿਤ ਕਰਨ ਅਤੇ ਡਰਾਉਣ ਲਈ ਤੰਤਰ-ਮੰਤਰ ਅਤੇ ਕਰਾਮਾਤਾਂ ਦਾ ਪਖੰਡ ਕਰਦਾ ਸੀ। ਜਦੋਂ ਇਲਾਕੇ ਦੇ ਲੋਕ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਸੁਣਨ ਲਈ ਆਉਣ ਲੱਗੇ ਤਾਂ ਉਸ ਨੇ ਚਸ਼ਮੇ ਦਾ ਪਾਣੀ ਰੋਕ ਦਿੱਤਾ। ਭਾਈ ਮਰਦਾਨੇ ਦੇ ਪਾਣੀ ਮੰਗਣ 'ਤੇ ਵਲੀ ਕੰਧਾਰੀ ਨੇ ਕਿਹਾ, "ਜਿਸ ਨੂੰ ਤੁਸੀਂ ਆਪਣਾ ਗੁਰੂ ਮੰਨਦੇ ਹੋ, ਉਸੇ ਨੂੰ ਪਾਣੀ ਲਈ ਕਹੋ।" ਗੁਰੂ ਜੀ ਨੇ ਵਲੀ ਕੰਧਾਰੀ ਦਾ ਹੰਕਾਰ ਤੋੜਨ ਅਤੇ ਸਿੱਧੇ ਰਸਤੇ ਪਾਉਣ ਲਈ 'ਸਤਿ ਕਰਤਾਰ' ਉਚਾਰਦੇ ਹੋਏ ਮਰਦਾਨੇ ਨੂੰ ਇਕ ਪੱਥਰ ਪੁੱਟਣ ਲਈ ਕਿਹਾ, ਜਿਸ ਨਾਲ ਠੰਡਾ ਮਿੱਠਾ ਪਾਣੀ ਪ੍ਰਗਟ ਹੋ ਗਿਆ ਅਤੇ ਵਲੀ ਕੰਧਾਰੀ ਦਾ ਚਸ਼ਮਾ ਖਾਲੀ ਹੋ ਗਿਆ। ਕ੍ਰੋਧਿਤ ਵਲੀ ਕੰਧਾਰੀ ਨੇ ਇਕ ਭਾਰੀ ਚੱਟਾਨ ਨੂੰ ਗੁਰੂ ਜੀ ਵੱਲ ਧੱਕ ਦਿੱਤਾ, ਜਿਸ ਨੂੰ ਗੁਰੂ ਜੀ ਨੇ ਪੰਜੇ 'ਤੇ ਹੀ ਰੋਕ ਲਿਆ। ਇਹ ਕੌਤਕ ਦੇਖ ਕੇ ਵਲੀ ਕੰਧਾਰੀ ਗੁਰੂ ਜੀ ਦੇ ਚਰਨੀਂ ਢਹਿ ਪਿਆ।

**ਚੌਥੀ ਉਦਾਸੀ (1518-1522)** **24**

## ਸੈਦਪੁਰ (ਏਮੀਨਾਬਾਦ, ਪਾਕਿਸਤਾਨ)

### ਨਿਆਂ ਅਤੇ ਲੋਕ-ਭਲਾਈ ਕਰਨ ਵਾਲ਼ਾ ਹੀ ਇਕ ਚੰਗਾ ਰਾਜਾ ਹੁੰਦਾ ਹੈ।

ਬਾਬਰ ਨੇ ਸੈਦਪੁਰ 'ਤੇ ਹਮਲਾ ਕਰਕੇ ਨਿਰਦੋਸ਼ਾਂ ਦੇ ਕਤਲੇਆਮ ਨਾਲ ਤਬਾਹੀ ਮਚਾ ਦਿੱਤੀ। ਹਜ਼ਾਰਾਂ ਲੋਕਾਂ ਨੂੰ ਬੰਦੀ ਬਣਾ ਲਿਆ। ਬਾਬਰ ਨੇ ਜਦੋਂ ਆਪਣੇ ਸਿਪਾਹੀਆਂ ਕੋਲੋਂ ਗੁਰੂ ਜੀ ਦੇ ਇਲਾਹੀ ਨੂਰ ਅਤੇ ਅਨਹਦ ਗਾਇਨ ਬਾਰੇ ਸੁਣਿਆ ਤਾਂ ਉਹ ਖੁਦ ਚਲ ਕੇ ਜੇਲ ਵਿੱਚ ਗਿਆ ਅਤੇ ਗੁਰੂ ਜੀ ਨੂੰ ਕਿਹਾ, "ਫਕੀਰ ਜੀ, ਮੈਨੂੰ ਮਾਫ ਕਰ ਦਿਓ। ਮੈਂ ਤੁਹਾਡੇ ਵਰਗੇ ਖੁਦਾ ਦੇ ਨੇਕ ਬੰਦਿਆਂ ਅਤੇ ਨਿਰਦੋਸ਼ਾਂ 'ਤੇ ਅਤਿਆਚਾਰ ਕੀਤਾ ਹੈ। ਮੈਨੂੰ ਸਹੀ ਰਸਤੇ 'ਤੇ ਚੱਲਣ ਦਾ ਉਪਦੇਸ਼ ਦਿਓ।" ਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿੱਤਾ, "ਜਾਓ ਅਤੇ ਖੁਦ ਗਰੀਬਾਂ ਅਤੇ ਨਿਰਦੋਸ਼ਾਂ ਦਾ ਵਿਨਾਸ਼ ਦੇਖੋ। ਦੁਨੀਆਂ ਦਾ ਕੋਈ ਵੀ ਸਮਰਾਟ ਮੌਤ ਤੋਂ ਨਹੀਂ ਬਚ ਸਕਿਆ। ਜ਼ੁਲਮ ਤੇ ਅੰਨਿਆਂ ਨੂੰ ਬੰਦ ਕਰੋ। ਹਮੇਸ਼ਾਂ ਆਪਣੀ ਪਰਜਾ ਦਾ ਭਲਾ ਕਰੋ। ਜਦੋਂ ਵੀ ਨਿਆਂ ਹੋਣਾ ਬੰਦ ਹੋ ਜਾਵੇਗਾ, ਤੁਹਾਡਾ ਰਾਜ ਖਤਮ ਹੋ ਜਾਵੇਗਾ।"

SEEK BLESSINGS

24

### Sermon of Justice - Saidpur (Eminabad), Pakistan

ਉਦਾਸੀ 4. (1518-1522) 4/6

ਬਖਸ਼ਿਸ਼: ਗੁਰੂ ਜੀ ਨੇ ਤੁਹਾਨੂੰ ਰਾਜ-ਭਾਗ ਬਖਸ਼ਿਆ ਹੈ, ਤਦ ਤਕ ਜਦ ਤਕ ਤੁਸੀਂ ਨਿਰਪੱਖ ਅਤੇ ਨਿਆਂਪੂਰਨ ਰਹੋਗੇ।

+1

ਭੁੱਲ: ਤੁਸੀਂ ਆਪਣੇ ਸ਼ਾਸਨ ਦੇ ਸਮੇਂ ਇਕ ਸ਼ਹਿਰ ਦੀ ਦੌਲਤ ਨੂੰ ਲੁੱਟਿਆ ਅਤੇ ਲੋਕਾਂ ਨੂੰ ਕੈਦ ਕੀਤਾ।

-1

23

### Softening of Ego - Hasan Abdal, Pakistan

ਉਦਾਸੀ 4. (1518-1522) 4/5

ਬਖਸ਼ਿਸ਼ ਗੁਰੂ ਜੀ ਦਾ ਉਪਦੇਸ਼ ਮੰਨਦੇ ਹੋਏ ਤੁਸੀਂ ਆਪਣੀ ਕਮਾਈ ਦੂਜਿਆਂ ਨਾਲ ਵੰਡਦੇ ਹੋ ਅਤੇ ਪਿੰਡ ਦੇ ਜ਼ਰੂਰਤਮੰਦ ਲੋਕਾਂ ਦੀ ਮਦਦ ਕਰਦੇ ਹੋ।

+2

ਭੁੱਲ: ਤੁਸੀਂ ਇਕ ਭੇਖੀ ਸਾਧੂ ਹੋ ਜੋ ਹਉਮੈ ਅਤੇ ਨਫ਼ਰਤ ਕਾਰਣ ਦੂਜਿਆਂ ਕੋਲੋਂ ਸੇਧ ਲੈਣਾ ਪਸੰਦ ਨਹੀਂ ਕਰਦੇ।

-1

22

### Futility of Material Wealth - Cairo, Egypt

ਉਦਾਸੀ 4. (1518-1522) 4/4

ਬਖਸ਼ਿਸ਼: ਤੁਸੀਂ ਆਪਣੀ ਧਰਮ ਦੀ ਕਮਾਈ ਲੋਕ-ਭਲਾਈ ਲਈ ਇਸਤੇਮਾਲ ਕੀਤੀ ਹੈ।

+2

ਭੁੱਲ: ਤੁਸੀਂ ਅਧਰਮ ਦੇ ਰਸਤੇ 'ਤੇ ਚੱਲ ਕੇ ਦੁਨਿਆਵੀ ਦੌਲਤ ਇਕੱਠੀ ਕੀਤੀ ਹੈ।

-1

21

### Rediscovering Divinity - Baghdad, Iraq

ਉਦਾਸੀ 4. (1518-1522) 4

ਬਖਸ਼ਿਸ਼: ਤੁਹਾਨੂੰ ਪਰਮਾਤਮਾ, ਬ੍ਰਹਮੰਡ ਅਤੇ ਇਲ
ਬਾਰੇ ਬਹੁਤ ਗਿਆਨ ਹੈ।

+2

ਭੁੱਲ: ਤੁਸੀਂ ਬਗਦਾਦ ਦੇ ਇਕ ਸਾਧੂ ਹੋ ਜਿਸ ਨੇ
ਭਾਈ ਮਰਦਾਨੇ ਨੂੰ ਪੱਥਰ ਮਾਰਨ ਦੀ ਕੋਸ਼ਿਸ਼ ਕੀਤੀ।

-1

13

### Knowledge vs Wisdom - Mattan, Kashmir

ਉਦਾਸੀ 3. (1516-1518) 3/1

ਤੁਸੀਂ ਗੁਰਮਤਿ ਮਾਰਗ 'ਤੇ ਚੱਲਣ ਦਾ ਉਪਦੇਸ਼ ਸਮਝ ਕੇ ਮਨੁੱਖਤਾ ਦੀ ਨਿਸ਼ਕਾਮ ਸੇਵਾ ਕੀਤੀ ਹੈ।

+3

ਭੁੱਲ: ਤੁਹਾਡੇ ਕਿਤਾਬੀ ਗਿਆਨ ਨੇ ਤੁਹਾਡੀ ਹਉਮੈ ਵਧਾ ਦਿੱਤੀ ਹੈ।

-1

14

### The Futility of Rituals over Salvation - Kathmandu

ਉਦਾਸੀ 3. (1516-1518) 3/2

ਬਖਸ਼ਿਸ਼: ਗੁਰੂ ਜੀ ਨੇ ਤੁਹਾਨੂੰ ਸੱਚੇ ਮਾਰਗ 'ਤੇ ਚੱਲਣ ਲਈ ਅਧਿਆਤਮਕ ਗਿਆਨ ਦਿੱਤਾ ਹੈ।

+1

ਭੁੱਲ: ਤੁਸੀਂ ਹਠ, ਜਪ, ਤਪ ਅਤੇ ਵਰਤ ਆਦਿ ਨਾਲ ਰਿੱਧੀਆਂ ਸਿੱਧੀਆਂ ਪ੍ਰਾਪਤ ਕਰਨ ਵਿਚ ਵਿਸ਼ਵਾਸ ਰੱਖਦੇ ਹੋ।

ROLL AGAIN

15

### Discourse with Shas - Mount Kailash, Tibbet

ਉਦਾਸੀ 3. (1516-1518) 3/3

ਬਖਸ਼ਿਸ਼: ਤੁਸੀਂ ਅਧਿਆਤਮਕ ਆਗੂ ਦੇ ਤੌਰ 'ਤੇ ਲੋਕਾਂ ਨੂੰ ਮੁਕਤੀ ਦੀ ਪ੍ਰਾਪਤੀ ਲਈ ਸੇਧ ਦੇਣ ਦੀ ਜ਼ਿੰਮੇਵਾਰੀ ਲਈ ਹੈ।

+1

ਭੁੱਲ: ਤੁਸੀਂ ਹਉਮੈ, ਕ੍ਰੋਧ, ਲਾਲਚ ਅਤੇ ਮੋਹ ਮਾਇਆ ਅਧੀਨ ਹੋ ਕੇ ਵਿਕਾਰਾਂ ਦੇ ਰਸਤੇ 'ਤੇ ਚੱਲੇ ਹੋ।

-2

16

### Imprints of Divine Power - Leh, Ladakh

ਉਦਾਸੀ 3. (1516-1518) 3/

ਬਖਸ਼ਿਸ਼: ਤੁਸੀਂ ਇਕ ਚੰਗੇ ਇਨਸਾਨ ਬਨਣ ਲਈ ਗੁ
ਕੀਤੀਆਂ ਗਲਤੀਆਂ ਲਈ ਗੁਰੂ ਜੀ ਕੋਲੋਂ ਮੁਆਫੀ ਮੰ

+2

ਭੁੱਲ: ਭਗਤੀ ਕਰ ਰਹੇ ਲੋਕਾਂ ਨੂੰ ਨੁਕਸਾਨ ਪਹੁੰਚਾ
ਲਈ ਤੁਸੀਂ ਉਨ੍ਹਾਂ ਉੱਪਰ ਪਹਾੜੀ ਤੋਂ ਇਕ ਵੱਡੀ ਚੱਟਾਨ
ਹੈ।

-2

12

### Blessing of Jhira - Bidar, Karnataka

ਉਦਾਸੀ 2. (1510-1515) 2/6

ਬਖਸ਼ਿਸ਼: ਤੁਸੀਂ ਆਪਣੇ ਲੋਕਾਂ ਪਾਣੀ ਦੀ ਘਾਟ ਪੂਰੀ ਕਰਨ ਵਿੱਚ ਯੋਗਦਾਨ ਪਾਇਆ ਹੈ।

+2

ਭੁੱਲ: ਤੁਹਾਡੇ ਲੋਕਾਂ ਲਈ ਪਾਣੀ ਦੀ ਘਾਟ ਹੈ।

ROLL AGAIN

11

### Divinity over Bounty - Sangladeep, Sri Lanka

ਉਦਾਸੀ 2. (1510-1515) 2/5

ਬਖਸ਼ਿਸ਼: ਰਾਜੇ ਨੇ ਤੁਹਾਨੂੰ ਦੁਨਿਆਵੀ ਪਦਾਰਥਾਂ ਦੇ ਲਾਲਚ ਦਿੱਤੇ, ਪਰ ਤੁਸੀਂ ਗੁਰੂ ਜੀ ਦੇ ਉਪਦੇਸ਼ 'ਤੇ ਟਿਕੇ ਰਹੇ।

+1

ਭੁੱਲ: ਤੁਸੀਂ ਇਕ ਭੇਖੀ ਸਾਧੂ ਹੋ ਜਿਸ ਨੇ ਆਪਣੇ ਆਪ ਨੂੰ ਗੁਰੂ ਨਾਨਕ ਦੱਸ ਕੇ ਰਾਜਾ ਸ਼ਿਵਨਾਭ ਨੂੰ ਆਪਣੇ ਪ੍ਰਭਾਵ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ।

-2

10

### The Driving Force - Somnath, Gujarat

ਉਦਾਸੀ 2. (1510-1515) 2/4

ਬਖਸ਼ਿਸ਼: ਗੁਰੂ ਜੀ ਦੇ ਉਪਦੇਸ਼ 'ਸਭ ਵਿੱਚ ਇਕ, ਇਕ ਵਿੱਚ ਸਭ' ਅਨੁਸਾਰ ਤੁਸੀਂ ਸਾਰਿਆਂ ਨੂੰ ਇਕ ਬਰਾਬਰ ਸਮਝਦੇ ਹੋ।

+2

ਭੁੱਲ: ਤੁਸੀਂ ਵਹਿਮਾਂ ਭਰਮਾਂ ਵਿੱਚ ਵਿਸ਼ਵਾਸ ਕਰ ਕੇ ਜਾਤ-ਪਾਤ ਦਾ ਭੇਦ-ਭਾਵ ਕੀਤਾ।

-1

9

### Reformation of the Cannibal - Central

ਉਦਾਸੀ 2. (1510-1515) 2

ਬਖਸ਼ਿਸ਼: ਗੁਰੂ ਜੀ ਦੇ ਉਪਦੇਸ਼ ਅਨੁਸਾਰ ਤੁਸੀਂ ਇ
ਯੋਗਤਾ ਅਤੇ ਹੁਨਰ ਨਾਲ ਕਿਰਤ ਕਮਾਈ ਕੀਤੀ ਹੈ

+3

ਭੁੱਲ: ਕੌੜੇ ਰਾਖਸ਼ ਨੇ ਤੁਹਾਨੂੰ ਮਨੁੱਖਤਾ ਪ੍ਰਤੀ ਬੁ
ਕਰਨ ਲਈ ਮਜਬੂਰ ਕੀਤਾ।

-1

START

1

### Eclipse of Hypocrisy - Kurukshetra, Haryana

ਉਦਾਸੀ 1. (1497-1510) 1/1

ਬਖਸ਼ਿਸ਼: ਗੁਰੂ ਨਾਨਕ ਦੇਵ ਜੀ ਨੇ ਤੁਹਾਡੇ ਮਨ ਨੂੰ ਭਟਕਣ ਨਹੀਂ ਦਿੱਤਾ,ਜਦੋਂ ਦੂਜੇ ਲੋਕ ਕਰਮ-ਕਾਂਡ ਕਰ ਰਹੇ ਸਨ।

+2

ਭੁੱਲ: ਤੁਸੀਂ ਨਾਸਮਝ ਹੋ। ਤੁਸੀਂ ਸੂਰਜ ਗ੍ਰਹਿਣ ਦੇ ਸਮੇਂ ਪੰਡਤਾਂ ਦੇ ਕਹਿਣ 'ਤੇ ਭੋਜਨ, ਦਾਨ ਅਤੇ ਸੇਵਾ ਬਾਰੇ ਭਰਮਾਂ ਵਿੱਚ ਵਿਸ਼ਵਾਸ ਕਰਕੇ ਮੂਰਖਤਾ ਕੀਤੀ ਹੈ।

ROLL AGAIN

2

### The Falsity of Beliefs and Rituals - Haridwar, Uttarakhand

ਉਦਾਸੀ 1. (1497-1510) 1/2

ਬਖਸ਼ਿਸ਼: ਗੁਰੂ ਜੀ ਨੇ ਤੁਹਾਨੂੰ ਤੁਹਾਡੇ ਸ਼ੁਭ ਕਰਮਾਂ ਅਤੇ ਚੰਗੀ ਸੋਚ ਦਾ ਫਲ ਦਿੱਤਾ ਹੈ।

+4

ਭੁੱਲ: ਤੁਸੀਂ ਭੇਖੀ ਸਾਧੂਆਂ ਦੇ ਪਿੱਛੇ ਲੱਗ ਕੇ ਵਹਿਮਾਂ-ਭਰਮਾਂ ਵਿੱਚ ਵਿਸ਼ਵਾਸ ਕੀਤਾ ਹੈ, ਜੋ ਕਿ ਪਿੱਤਰਾਂ ਦੀ ਆਤਮਾ ਦੀ ਸ਼ਾਂਤੀ ਲਈ ਦਾਨ ਕਰਨ ਲਈ ਕਹਿ ਰਹੇ ਸਨ।

-1

3

### The Preciousness of Human Life - Patna, Bihar

ਉਦਾਸੀ 1. (1497-1510) 1/3

ਬਖਸ਼ਿਸ਼: ਗੁਰੂ ਜੀ ਨੇ ਤੁਹਾਨੂੰ ਮਨੁੱਖਾ ਜੀਵਨ ਦੀ ਮਹੱਤਤਾ ਸਮਝਾ ਕੇ ਮੁਕਤੀ ਦਾ ਰਸਤਾ ਦਿਖਾਇਆ ਹੈ।

+2

ਭੁੱਲ: ਅਗਿਆਨਤਾ ਹੋਣ ਕਰਕੇ ਤੁਸੀਂ ਮਨੁੱਖਾ ਜੀਵਨ ਦੀ ਮਹੱਤਤਾ ਨਹੀਂ ਜਾਣ ਸਕੇ ਅਤੇ ਸਾਰਾ ਸਮਾਂ ਦੁਨਿਆਵੀ ਪਦਾਰਥਾਂ ਪਿੱਛੇ ਬਿਤਾਇਆ ਹੈ।

-1

4

### Strange Justice - Eastern India

ਉਦਾਸੀ 1. (1497-1510)

ਬਖਸ਼ਿਸ਼: ਜਿੱਥੇ ਵੀ ਜਾਓ, ਗੁਰੂ ਜੀ ਨੇ ਤੁਹਾਨੂੰ
ਸਾਥੀਆਂ ਨੂੰ ਗੁਰਮਤਿ ਗਿਆਨ ਫੈਲਾਉਣ ਦਾ

+3


ਭੁੱਲ: ਅਪਮਾਨ ਕਰਨ ਵਾਲੇ ਸੁਭਾਅ ਦੇ ਕ
ਤੁਹਾਡੇ ਸਾਥੀ ਜਿਥੇ ਵੀ ਜਾਂਦੇ ਨੇ, ਲੋਕਾਂ ਤੇ ਬੁਰਾ
ਨੇ।

-1

# ਕੁਝ ਕਦਮ ਗੁਰੂ ਨਾਨਕ ਦੇ ਨਾਲ

**Thukral and Tagra** x The Kalgidhar Trust, Baru Sahib






ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਇਤਿਹਾਸਿਕ ਮੌਕੇ 'ਤੇ 'ਠੁਕਰਾਲ ਅਤੇ ਟਾਗਰਾ' ਦੀ ਕਲਾਕਾਰ ਜੋੜੀ ਨੇ ਕਲਗੀਧਰ ਟ੍ਰੱਸਟ, ਬੜ੍ਹੂ ਸਾਹਿਬ ਦੇ ਸਹਿਯੋਗ ਨਾਲ ਤੁਹਾਡੇ ਲਈ ਇਕ ਇੰਟਰਐਕਟਿਵ, ਦਿਲਚਸਪ, ਜਾਣਕਾਰੀ ਭਰਪੂਰ ਅਤੇ ਮਨੋਰੰਜਕ ਖੇਡ ਹਰ ਉਮਰ ਦੇ ਵਿਅਕਤੀਆਂ ਲਈ ਲਿਆਂਦੀ ਹੈ। ਇਹ ਖੇਡ ਮਨੁੱਖਤਾ ਨੂੰ ਬਹਾਲ ਕਰਨ ਦੇ ਪਵਿੱਤਰ ਮਿਸ਼ਨ ਬਾਰੇ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਦੀ ਇਕ ਪਹਿਲ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਥੀ ਭਾਈ ਮਰਦਾਨਾ ਜੀ ਦੇ ਨਾਲ ਮਾਨਵਤਾ ਨੂੰ ਸ਼ਾਂਤੀ, ਪ੍ਰੇਮ ਅਤੇ ਰਹਿਮ ਦਾ ਸੰਦੇਸ਼ ਦੇਣ ਲਈ 24 ਸਾਲਾਂ ਵਿੱਚ ਚਾਰੇ ਦਿਸ਼ਾਵਾਂ ਵਿੱਚ ਚਾਰ ਉਦਾਸੀਆਂ ਕੀਤੀਆਂ। ਉਨ੍ਹਾਂ ਦੇ ਪਵਿੱਤਰ ਮਿਸ਼ਨ ਦਾ ਉਪਦੇਸ਼ ਭਾਰਤੀ ਉਪਮਹਾਂਦੀਪ ਅਤੇ ਚਾਰ ਦਿਸ਼ਾਵਾਂ ਵਿੱਚ ਰਹਿਣ ਵਾਲੇ ਬਹੁਤ ਸਾਰੇ ਦੇਸ਼ਾਂ ਦੇ ਲੋਕਾਂ ਨੂੰ ਗਿਆਨ ਪ੍ਰਦਾਨ ਕਰਨਾ ਸੀ। ਉਨ੍ਹਾਂ ਨੇ ਅਗਿਆਨਤਾ ਅਤੇ ਸੰਸਾਰਕ ਲਗਾਓ ਦੇ ਵੱਧਦੇ ਵਿਸਥਾਰ ਦੇ ਵਿੱਚ ਮਾਨਵਤਾ ਨੂੰ ਬਹਾਲ ਕਰਨ ਲਈ ਦੂਰ-ਦੁਰਾਡੇ ਦੀ ਯਾਤਰਾ ਕੀਤੀ।

**ਸਾਖੀਆਂ:** ਗੁਰੂ ਸਾਹਿਬਾਨ ਦੁਆਰਾ ਪ੍ਰਚਾਰੇ ਗਏ ਸਿਧਾਂਤਾਂ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਦਰਸਾਉਂਦੇ ਇਤਹਾਸਿਕ ਬਿਰਤਾਂਤ / ਕਹਾਣੀਆਂ ਅਤੇ ਕਥਾਵਾਂ

**ਉਦਾਸੀਆਂ:** ਗੁਰੂ ਨਾਨਕ ਦੇਵ ਜੀ ਦੁਆਰਾ ਲੋਕਾਈ ਨੂੰ ਸੱਚ ਦਾ ਉਪਦੇਸ਼ ਦੇਣ ਲਈ ਕੀਤੀਆਂ ਗਈਆਂ ਯਾਤਰਾਵਾਂ

BOON | ਬਖਸ਼ਿਸ਼ | ਆਸ਼ੀਰਵਾਦ

* Sakhis: historical narratives/ stories/ tales about moral lessons and principles by Gurus.

Udasis: travels and divine journey by Guru Nanak

**1. ਇਸ ਖੇਡ ਨੂੰ ਦੋ ਤੋਂ ਚਾਰ ਖਿਡਾਰੀ ਆਮ੍ਹਣੇ-ਸਾਮ੍ਹਣੇ ਬੈਠ ਕੇ ਖੇਡ ਸਕਦੇ ਹਨ।**

**2. ਖਿਡਾਰੀ ਖੇਡ ਦੀ ਸ਼ੁਰੂਆਤ ਮੀਲ ਪੱਥਰ 1 'ਤੇ ਇਕ ਗੀਟੀ ਦੇ ਤੌਰ 'ਤੇ ਚੌਲ਼, ਦਾਲ਼, ਮਟਰ ਦੇ ਦਾਣੇ ਜਾਂ ਕੰਕੜ ਆਦਿ ਰੱਖ ਕੇ ਕਰ ਸਕਦੇ ਹਨ।**

**3. ਸਿੱਕਾ ਉਛਾਲਣ 'ਤੇ 'ਸ਼ੇਰ' ਆਉਣ 'ਤੇ 'ਬਖ਼ਸ਼ਿਸ਼' ਅਤੇ 'ਰੁਪਈਏ' ਆਉਣ 'ਤੇ 'ਭੁੱਲ' ਮੰਨਿਆ ਜਾਵੇਗਾ।**

**4. ਜੇ 'ਬਖ਼ਸ਼ਿਸ਼' ਹੈ ਤਾਂ ਅੱਗੇ ਵਧੋ। ਜੇ 'ਭੁੱਲ' ਹੈ ਤਾਂ ਪਿੱਛੇ ਜਾਓ / ਸਿੱਕਾ ਦੋਬਾਰਾ ਉਛਾਲੋ ।**

**5. ਹਰ ਮੀਲਪੱਥਰ 'ਤੇ ਲਿਖੀਆਂ ਹਿਦਾਇਤਾਂ ਦਾ ਪਾਲਣ ਕਰੋ (ਜਿਵੇਂ -1 / +2)**

**6. ਚਾਰੇ ਉਦਾਸੀਆਂ ਦਾ ਸਾਰ ਸਮਝ ਕੇ ਗੁਰੂ ਜੀ ਦੀ ਬਖਸ਼ਿਸ਼ ਲੈਣ ਲਈ ਖੇਡ ਨੂੰ ਅਖੀਰਲੇ ਮੀਲ ਪੱਥਰ ਤਕ ਖੇਡੋ।**

**ਗੁਰੂ ਜੀ ਦੀਆਂ ਚਾਰੇ ਉਦਾਸੀਆਂ ਬਾਰੇ ਵਿਸਥਾਰ-ਪੂਰਬਕ ਦਿੱਤੀ ਗਈ ਜਾਣਕਾਰੀ ਇਸ ਖੇਡ ਦੇ ਪਿਛਲੇ ਪਾਸੇ ਪੜ੍ਹ ਸਕਦੇ ਹੋ।**

**awalkwithgurunanak.com**